ISSN 0972-2335

# ਅੰਮ੍ਰਿਤ ਕੀਰਤਨ

ਅਪ੍ਰੈਲ 2021



ਤਖਤ ਸ੍ਰੀ ਕੇਸਗੜ ਸਾਹਿਬ

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-



## ਬੁੱਧਵਾਰ

ਬੁੱਧਵਾਰ ਚੜ੍ਹਿਆ ਬੁੱਧ ਰੱਬ ਦਿੱਤੀ,
ਬੱਚੇ ਲਾਂਵਦੇ ਤੇਰੇ ਉਡਾਰੀਆਂ
ਨੀ ।
ਇੰਗਲੈਂਡ, ਜਰਮਨ ਤੇ ਜਾਪਾਨ ਕੀ ਏ,
ਯੂਰੋਪ ਵਿਚ ਹਕੂਮਤਾਂ
ਧਾਰੀਆਂ ਨੀ ।
ਸੁੰਦਰ ਬੰਦਿਆ ਦੀ ਇਕ ਗੱਲ ਕੀ ਏ
ਉਹ ਤਾ ਲੈ ਜਾਂਦੇ ਨਾਲ
ਨਾਰੀਆਂ ਨੀ ।
ਆਪ ਮੁਲਕ ਇਰਾਨ ਨੂੰ ਚਾਹਵੰਦੇ ਸੀ,
ਮੁਲਕ ਕਿਨਿਆਂ ਦੀਆਂ ਹੋਰ
ਤਿਆਰੀਆਂ ਨੀ।
ਸਵਿਟਜ਼ਰਲੈਂਡ, ਅਮਰੀਕਾ ਭੀ ਹੋ

## बुधवार

बुधवाार चढ़िआ बुद्ध रब्ब दिती,
बच्चे लांवदे तेरे उडारीयां
नी ।
इंगलैंड, जरमन ते जापान की ए,
यूरोप विच हकूमतां
धारीयां नी ।
सुन्दर बन्दिआं दी इक गल की ए,
ओह तां लै जादे नाल
नारीयां नी ।
आप मुलक ईरान नू चांहवदे सी,
मुल्क किन्यां दीआं होर
तैयारीयां नी ।
स्विटज़रलैंड, अमरीका वी हो आए ,

ਪੁਸਤਕ – ਗੁੱਝੀਆਂ ਰਮਜਾਂ: ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ

# ਅੰਮ੍ਰਿਤ ਕੀਰਤਨ


ਸੰਪਾਦਕ (ਆਨਰੇਰੀ)

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ

**ਸਹਿਯੋਗੀ**

ਸ. ਹਰਭਜਨ ਸਿੰਘ ਅਤੇ ਸ. ਨਵਤੇਜ ਸਿੰਘ


- ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

**ਚੰਦੇ ਦਾ ਵੇਰਵਾ**

- ਦੇਸ਼: ਇਕ ਕਾਪੀ : 15 ਰੁਪਏ
- ਦੇਸ਼ ਸਾਲਾਨਾ ਚੰਦਾ : 150 ਰੁਪਏ
- ਜੀਵਨ ਮੈਂਬਰ ਚੰਦਾ: 1500 ਰੁਪਏ
- ਵਿਦੇਸ਼ : ਸਲਾਨਾ ਚੰਦਾ INR1500
- 'ਅੰਮ੍ਰਿਤ ਕੀਰਤਨ' ਲਈ ਡਰਾਫਟ, ਮਾਇਕ ਸਹਾਇਤਾ, ਚਿੱਠੀ-ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ:-


**ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)**

422, ਸੈਕਟਰ 15-ਏ, ਚੰਡੀਗੜ੍ਹ 160 015

ਫੋਨ : 0172-2772660, 098140 53630

e-mail: drjagirsingh@gmail.com

Website : http://www.amritkirtan.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ **ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼** ਸ਼ੋਅਰੂਮ ਨੰ: 443, ਮਟੌਰ, ਸੈਕਟਰ 70, ਮੁਹਾਲੀ (ਫੋਨ :0172-4782705, 98150-72197) ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।


## ਇਸ ਅੰਕ ਵਿਚ


ਬੁੱਧਵਾਰ
ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ ਟਾ-2

ਸੰਪਾਦਕੀ : ਕਰਉ ਬੇਨੰਤੀਆ -
ਵਾਟ ਹਮਾਰੀ ਖਰੀ ਉਡੀਣੀ 2

ਇਕ ਅਨੋਖਾ ਰਹਿਤਨਾਮਾ
ਡਾ. ਜਾਗੀਰ ਸਿੰਘ 4

ਗੁਰਮਤਿ ਸੰਗੀਤ ਰਚਨਕਾਰ ਉਸਤਾਦ ਸੁਰਜੀਤ ਸਿੰਘ
ਡਾ. ਗੁਰਨਾਮ ਸਿੰਘ 11

ਭਾਈ ਮਨਜੀਤ ਸਿੰਘ ਜੀ ਹਜ਼ੂਰੀ ਰਾਗੀ ਦੀ ਜੀਵਨੀ
ਤੇ ਇਕ ਸੰਖੇਪ ਝਾਤ
ਜ਼ੋਰਾਵਰ ਸਿੰਘ ਤਰਸੀਕਾ 13

ਤਾਲ ਅਤੇ ਰਸ
ਡਾ. ਜਬਰਜੰਗ ਸਿੰਘ 16

ਉੱਘੇ ਲੇਖਕ ਸ. ਬਲਬੀਰ ਸਿੰਘ ਕੰਵਲ ਨਾਲ ਗੁਰਮਤਿ ਸੰਗੀਤ ਚੇਅਰ ਵੱਲੋਂ ਆਨਲਾਈਨ ਵਾਰਤਾਲਾਪ ਦੀ ਰਿਪੋਰਟ (ਮਿਤੀ: 26.02.2021)
ਡਾ. ਅਲੰਕਾਰ ਸਿੰਘ 19

ਸੁਰ ਲਿਪੀ -ਰਾਗੁ ਸੂਹੀ
ਹਰਭਜਨ ਸਿੰਘ ਚੋਪੜਾ ਟਾ-3

ਸੁਰ ਲਿਪੀ ਵਾਲਾ ਸ਼ਬਦ ਅਤੇ ਅਰਥ ਟਾ-4


Donations to **AMRIT KIRTAN TRUST** are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012 and now valid in perpetuity, Cheques/Drafts should be sent in the name of **AMRIT KIRTAN TRUST** payable at Mohali. Donations can also be sent by money order at the address **AMRIT KIRTAN TRUST** (Regd.) 422, Sector 15-A, Chandigarh-160015. The Donations can be made by Electronic Transfer also. The bank details are : **AMRIT KIRTAN TRUST** Saving Bank A/c No. 65079603302, IFSC : SBIN0018141 in the State Bank of India, Phase 3B2, Mohali Punjab Branch. After such a Deposit, please inform us your Name and Address as also the deposit details to enable us to send you the receipt.

## ਕਰਉ ਬੇਨੰਤੀਆ

# ਵਾਟ ਹਮਾਰੀ ਖਰੀ ਉਡੀਣੀ

ਪਿਛਲੇ ਦਿਨੀ ਮੇਰੇ ਛੋਟੇ ਵੀਰ ਡਾ ਬਚਿਤਰ ਸਿੰਘ ਵਲੋਂ ਫੇਸਬੁਕ ਤੇ ਪਾਈ ਸਾਬਿਰ ਜ਼ਫਰ ਦੀ ਇੱਕ ਗਜ਼ਲ ਪੜ੍ਹੀ-

ਦਰੀਚਾ ਬੇ-ਸਦਾ ਕੋਈ ਨਹੀ ਹੈ।

ਅਗਰਚੇ ਬੋਲਤਾ ਕੋਈ ਨਹੀ ਹੈ।

ਰੁੰਕੂ ਤੋ ਮੰਜ਼ਿਲੇ ਹੀ ਮੰਜ਼ਿਲੇਂ ਹੈਂ,

ਚਲੂੰ ਤੋ ਰਾਸਤਾ ਕੋਈ ਨਹੀਂ ਹੈ।

ਖੁਲੀ ਹੈਂ ਖਿੜਕੀਆਂ ਹਰ ਘਰ ਕੀ,

ਲੇਕਿਨ ਗਲੀ ਮੇਂ ਤਾਕਤਾ ਕੋਈ ਨਹੀਂ ਹੈ।

ਕਿਸੀ ਸੇ ਆਸ਼ਨਾ ਐਸਾ ਹੂਆ ਹੂੰ,

ਮੁਝੇ ਪਹਿਚਾਨਤਾ ਕੋਈ ਨਹੀਂ ਹੈ।

ਮੈ ਐਸੇ ਜਮਘਟੇ ਮੇ ਖੋ ਗਯਾ ਹੂੰ,

ਜਹਾਂ ਮੇਰੇ ਸਿਵਾ ਕੋਈ ਨਹੀ ਹੈ।

ਇਸ ਗ਼ਜ਼ਲ ਦੇ ਸਾਰੇ ਸ਼ੇਅਰ ਹੀ ਵਧੀਆਂ ਹਨ।ਮੇਰੇ ਚੇਤੇ ਵਿੱਚ ਦੂਜਾ ਸ਼ੇਅਰ ਪਹਿਲਾਂ ਹੀ ਵੱਸਿਆ ਹੋਇਆ ਸੀ। ਪਰ ਮੈਂ ਇਸ ਨੂੰ ਇਸ ਤਰ੍ਹਾਂ ਪੜ੍ਹਦਾ ਰਿਹਾ ਹਾਂ-

ਚਲੂੰ ਤੋ ਮੰਜ਼ਿਲੇਂ ਹੀ ਮੰਜ਼ਿਲੇਂ ਹੈ,

ਰੁਕੂੰ ਤੋ ਰਾਸਤਾ ਨਹੀਂ ਹੈ।

ਇਸ ਤੋਂ ਮੈਨੂੰ ਆਪਣੇ ਅਧਿਆਪਕ ਡਾ ਕੇਸਰ ਸਿੰਘ ਕੇਸਰ ਦੀ ਗ਼ਜ਼ਲ ਦਾ ਇੱਕ ਸ਼ੇਅਰ ਯਾਦ ਆਉਂਦਾ ਹੈ।ਇਹ ਉਹਨਾਂ ਨੇ 1972 ਵਿੱਚ ਲਿਖਿਆ ਸੀ-

ਖੜ ਗਿਆਂ ਜਾਪੇ ਚੁਰਸਤਾ, ਤੁਰ ਪਏ ਤਾਂ ਲੀਕ ਸਿੱਧੀ,

ਸੱਚ ਛਾਤੀ ਦੀ ਸਲੀਬ ਸੂਲੀ ਬੜੀ ਪੈਰਾਂ ਵਿੱਚ ਆ ਕੇ।

ਇਸ ਪ੍ਰਸੰਗ ਵਿੱਚ ਸੁਰਜੀਤ ਪਾਤਰ ਦਾ ਇੱਕ ਪਿਆਰਾ ਸ਼ੇਅਰ ਵਾਚਣ ਯੋਗ ਹੈ-

ਮੈ ਰਾਹਾਂ ਤੇ ਨਹੀਂ ਤੁਰਦਾ ਮੈ ਤੁਰਦਾ ਹਾਂ ਤਾਂ ਰਾਹ ਬਣਦੇ।

ਰਸਤੇ ਬਾਰੇ ਕੁਝ ਹੋਰ ਨਜ਼ਮਾਂ ਵੀ ਪੜ੍ਹਨ ਨੂੰ ਮਿਲਦੀਆਂ ਹਨ-

ਮੰਜ਼ਲ ਭੀ ਉਸਕੀ ਥੀ ਰਾਸਤਾ ਭੀ ਉਸਕਾ ਥਾ।
ਏਕ ਹਮ ਅਕੇਲੇ ਥੇ ਕਾਫਿਲਾ ਭੀ ਉਸਕਾ ਥਾ।
ਸਾਥ ਸਾਥ ਚਲਨੇ ਕੀ ਕਸਮ ਭੀ ਉਸੀ ਕੀ ਥੀ,
ਔਰ ਰਾਸਤਾ ਬਦਲਨੇ ਦਾ ਫੈਸਲਾ ਉਸਕਾ ਥਾ।
----ਅਗਰ ਹੋਤਾ ਹੈ ਇਤਫਾਕ ਤੋ ਯੂੰ ਕਿਊਂ ਨਹੀਂ ਹੋਤਾ,
ਤੁਮ ਰਾਸਤਾ ਭੂਲੋ ਔਰ ਮੁਝ ਤਕ ਚਲੇ ਆਓ।
---ਸੋਚਤੇ ਰਹਨੇ ਸੇ ਤੋ ਮੰਜ਼ਿਲ ਕਭੀ ਨਹੀਂ ਮਿਲਤੀ,
ਚਲਤੇ ਜਾਓ ਰਾਸਤੇ ਸੇ ਰਾਸਤਾ ਮਿਲ ਜਾਏਗਾ।
---ਮੇਰੇ ਸ਼ਹਰ ਸੇ ਜੋ ਤੇਰੇ ਸ਼ਹਰ ਕੋ ਜਾਤਾ ਹੈ,
ਫਾਸਲਾ ਅਬ ਵੋ ਕੁਛ ਯੂੰ ਮਿਟਾਤਾ ਹੈ।
ਮਾਲੂਮ ਹੈ ਕਿ ਮਿਲੇਗਾ ਮੀਲ ਕਾ ਪੱਥਰ,
ਮਗਰ ਰਾਸਤਾ ਫਿਰ ਵਹੀ ਰਾਸ ਆਤਾ ਹੈ।
ਮੇਰੇ ਸ਼ਹਰ ਸੇ ਜੋ ਤੇਰੇ ਸ਼ਹਰ ਕੋ ਜਾਤਾ j?.

ਅਜੋਕੇ ਯੁੱਗ ਦੇ ਇਹ ਸਾਰੇ ਕਵੀ ਵਧੀਆ ਹਨ ਪਰ ਪੰਜਾਬੀ ਦੇ ਪੁਰਾਤਨ ਮਹਾਂ ਪੁਰਖ ਮਹਾਂ ਕਵੀ ਬਾਬਾ ਫਰੀਦ ਦੀ ਬਾਣੀ ਪੜ੍ਹ ਕੇ ਕਿਸ ਦਾ ਸਿਰ ਨਹੀਂ ਝੁੱਕ ਜਾਂਦਾ ਜਦੋਂ ਉਹ ਆਖਦੇ ਹਨ-

ਵਾਟ ਹਮਾਰੀ ਖਰੀ ਉਡੀਣੀ।
ਖੰਨਿਅਹੁ ਤਿਖੀ ਬਹੁਤੁ ਪਿਈਣੀ।
ਉਸ ਊਪਰਿ ਹੈ ਮਾਰਗੁ ਮੇਰਾ।
ਸੇਖ ਫਰੀਦਾ ਪੰਥੁ ਸਮਾਰਿ ਸਵੇਰਾ।

ਅਤੇ ਬਾਬਾ ਨਾਨਕ ਜੀ ਦੀ ਪਾਵਨ ਬਾਣੀ-

ਜਉ ਤਉ ਪ੍ਰੇਮ ਖੇਲਣ ਕਾ ਚਾਉ।
ਸਿਰੁ ਧਰਿ ਤਲੀ ਗਲੀ ਮੇਰੀ ਆਉ।
ਇਤੁ ਮਾਰਗਿ ਪੈਰੁ ਧਰੀਜੈ।
ਸਿਰੁ ਦੀਜੈ ਕਾਣਿ ਨ ਕੀਜੈ

ਭੁੱਲ ਚੁੱਕ ਖਿਮਾ

# ਇਕ ਅਨੋਖਾ ਰਹਿਤਨਾਮਾ

ਡਾ. ਜਾਗੀਰ ਸਿੰਘ

'ਰਹਿਤਨਾਮਾ' ਸ਼ਬਦ ਸਿੱਖ ਸਾਹਿਤ ਦੀ ਇਕ ਖਾਸ ਵਿਧਾ ਲਈ ਪ੍ਰਯੋਗ ਕੀਤਾ ਜਾਂਦਾ ਹੈ। ਇਹਨਾਂ ਦੀ ਰਚਨਾ ਆਮ ਤੌਰ 'ਤੇ ਖਾਲਸਾ ਪੰਥ ਦੀ ਸਾਜਨਾ ਤੋਂ ਬਾਅਦ ਮੰਨੀ ਜਾਂਦੀ ਹੈ। ਬਹੁਤੇ ਰਹਿਤ-ਨਾਮਿਆਂ ਬਾਰੇ ਇਹ ਮੰਨਿਆ ਜਾਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਿੱਖਾਂ ਨੂੰ ਸਮੇਂ-ਸਮੇਂ ਜੋ ਉਪਦੇਸ਼ ਦਿੱਤੇ ਉਹਨਾਂ ਦੇ ਆਧਾਰ 'ਤੇ ਹਜ਼ੂਰੀ ਸਿੱਖਾਂ ਨੇ ਰਹਿਤਨਾਮਿਆਂ ਦੀ ਰਚਨਾ ਕੀਤੀ। ਇਹਨਾਂ ਰਹਿਤਨਾਮਿਆਂ ਤੋਂ ਸਿੱਖਾਂ ਨੂੰ ਕੁਝ ਕੰਮ ਕਰਨ ਅਤੇ ਕੁਝ ਦੇ ਨਾ ਕਰਨ ਦਾ ਉਪਦੇਸ਼ ਮਿਲਦਾ ਹੈ। ਗੁਰਸਿੱਖ ਦੀ ਪਛਾਣ ਆਮ ਤੌਰ 'ਤੇ ਇਹਨਾਂ ਰਹਿਤਨਾਮਿਆਂ ਦੀ ਕਸਵੱਟੀ ਅਨੁਸਾਰ ਹੀ ਕੀਤੀ ਜਾਂਦੀ ਹੈ। ਸਮਾਂ ਬੀਤਣ ਨਾਲ ਇਹਨਾਂ ਰਹਿਤਨਾਮਿਆਂ ਦੀਆਂ ਕੁਝ ਗੱਲਾਂ ਓਪਰੀਆਂ ਜਾਪਣ ਲੱਗ ਪਈਆਂ ਹਨ। ਪਰ ਇਹ ਰਹਿਤਨਾਮੇ ਅਜੇ ਵੀ ਸਾਡੇ ਜੀਵਨ ਤੇ ਇਤਨੇ ਪ੍ਰਭਾਵਸ਼ਾਲੀ ਹਨ ਕਿ ਕਈ ਵਾਰ ਅਸੀਂ ਗੁਰਬਾਣੀ ਦੇ ਸਿਧਾਂਤਾਂ ਤੋਂ ਵੀ ਪਹਿਲਾਂ ਇਹਨਾਂ ਵੱਲ ਧਿਆਨ ਦਿੰਦੇ ਹਨ। ਚਾਹੀਦਾ ਦਾ ਇਹ ਹੈ ਇਹਨਾਂ ਰਹਿਤਨਾਮਿਆਂ ਦੇ ਸਿਧਾਂਤਾਂ ਦਾ ਵਿਸ਼ਲੇਸ਼ਣ ਗੁਰਬਾਣੀ ਅਨੁਸਾਰ ਕੀਤਾ ਜਾਵੇ ਪਰ ਅਸੀਂ ਆਮ ਤੌਰ 'ਤੇ ਗੁਰਬਾਣੀ ਸਿਧਾਂਤਾਂ ਦੀ ਵਿਆਖਿਆ ਇਹਨਾਂ ਰਹਿਤਨਾਮਿਆਂ ਦੇ ਆਧਾਰ 'ਤੇ ਕਰਨ ਲੱਗ ਪੈਂਦੇ ਹਾਂ।

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਰਚਨਾ ਵਿਚ ਸਿੱਖ ਲਈ ਬੜੇ ਸਪੱਸ਼ਟ ਨਿਰਦੇਸ਼ ਦਿੱਤੇ ਹਨ। ਖਾਸ ਕਰਕੇ ਰਾਮਕਲੀ ਰਾਗ ਵਿਚ ਰਚਿਆ "ਰੇ ਮਨ ਐਸੋ ਕਰ ਸੰਨਿਆਸਾ" ਵਾਲਾ ਸ਼ਬਦ ਤਾਂ ਆਪਣੇ ਆਪ ਵਿਚ ਇਕ ਰਹਿਤਨਾਮਾ ਹੀ ਹੈ। ਇਸ ਪਰਿਪੇਖ ਤੋਂ ਇਸ ਸ਼ਬਦ ਦੇ ਅਰਥ ਵਿਸਥਾਰ ਨਾਲ ਵਿਚਾਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ:

ਰੇ ਮਨ ਐਸੋ ਕਰ ਸੰਨਿਆਸਾ॥
ਬਨ ਸੇ ਸਦਨ ਸਬੈ ਕਰ ਸਮਝਹੁ ਮਨ ਹੀ ਮਾਹਿ ਉਦਾਸਾ॥੧॥ ਰਹਾਉ॥
ਜਤ ਕੀ ਜਟਾ ਜੋਗ ਕੋ ਮਜਨੁ ਨੇਮ ਕੇ ਨਖਨ ਬਢਾਓ॥
ਗਿਆਨ ਗੁਰੂ ਆਤਮ ਉਪਦੇਸਹੁ ਨਾਮ ਬਿਭੂਤ ਲਗਾਓ॥
ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦਯਾ ਛਿਮਾ ਤਨ ਪ੍ਰੀਤਿ॥
ਸੀਲ ਸੰਤੋਖ ਸਦਾ ਨਿਰਬਾਹਿਬੋ ਹ੍ਵੈਬੋ ਤ੍ਰਿਗੁਣ ਅਤੀਤਿ॥
ਕਾਮ ਕ੍ਰੋਧ ਹੰਕਾਰ ਲੋਭ ਹਠ ਮੋਹ ਨ ਮਨ ਸਿਉ ਲਯਾਵੈ॥
ਤਬ ਹੀ ਆਤਮ ਤਤ ਕੋ ਦਰਸੇ ਪਰਮ ਪੁਰਖ ਕਹ ਪਾਵੈ॥

ਰਾਗ ਰਾਮਕਲੀ ਜੋਗੀਆ ਦਾ ਮਨ ਭਾਉਂਦਾ ਰਾਗ ਮੰਨਿਆ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸਿੱਧ-ਗੋਸਟਿ ਵੀ ਰਾਗ ਰਾਮਕਲੀ ਵਿਚ ਹੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੰਨਿਆਸ ਬਾਰੇ ਸ਼ਬਦ ਦਾ ਉਚਾਰਨ ਰਾਮਕਲੀ ਵਿਚ ਉਚਿਤ ਸਮਝਿਆ ਹੈ। ਗੁਰੂ ਸਾਹਿਬ ਰਾਗ ਅਤੇ ਕਾਵਿ ਦੇ ਸੰਬੰਧ ਤੋਂ ਸੁਚੇਤ ਸਨ। ਇਸ ਗੱਲ ਦਾ ਪ੍ਰਮਾਣ ਇਸ ਰਾਗ ਵਿਚ ਰਚੇ ਇਕ ਹੋਰ ਸ਼ਬਦ ਤੋਂ ਵੀ ਮਿਲ ਜਾਂਦਾ ਹੈ। ਉਸ ਸ਼ਬਦ ਦੀ ਪਹਿਲੀ ਤੁਕ ਹੈ-'ਰੇ ਮਨ ਇਹ ਬਿਧਿ ਜੋਗ ਕਮਾਓ॥'

ਵਿਚਾਰ ਅਧੀਨ ਸ਼ਬਦ ਦੀਆਂ ਰਹਾਉ ਦੀਆਂ ਤੁਕਾਂ ਹਨ:

ਰੇ ਮਨ ਐਸੋ ਕਰ ਸੰਨਿਆਸਾ॥
ਬਨ ਸੇ ਸਦਨ ਸਬੈ ਕਰ ਸਮਝਹੁ ਮਨ ਹੀ ਮਾਹਿ ਉਦਾਸਾ॥

ਇਹ ਸਾਰਾ ਸ਼ਬਦ ਮਨ ਨੂੰ ਸੰਬੋਧਤ ਕੀਤਾ ਗਿਆ ਹੈ। ਕਾਵਿ ਸੰਸਾਰ ਵਿਚ ਇਹ ਵਿਧੀ ਆਮ ਪ੍ਰਚਲਤ ਰਹੀ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਵੀ 'ਮਨ ਰੇ' ਮਨ ਮੇਰੇ, ਮੇਰੇ ਮਨ ਆਦਿ ਸੰਬੋਧਨ ਪ੍ਰਯੋਗ ਕੀਤੇ ਗਏ ਹਨ ਜੋ ਕਿਸੇ ਨੂੰ ਸਿੱਧਾ ਹੀ ਕੁਝ ਕਰਨ ਲਈ ਕਿਹਾ ਜਾਵੇ ਤਾਂ ਉਪਦੇਸ਼ ਪ੍ਰਤੀ ਚੰਗਾ ਪ੍ਰਭਾਵ ਨਹੀਂ ਰੱਖਦਾ ਸਗੋਂ ਉਹ ਸਮਝਦਾ ਹੈ ਕਿ ਉਪਦੇਸ਼ਕ ਆਪਣੇ ਆਪ ਨੂੰ ਉੱਚਾ ਸਮਝਦਾ ਹੈ। ਇਸ ਲਈ ਗੁਰੂ ਸਾਹਿਬ ਆਪਣੇ ਆਪ ਨੂੰ ਉਪਦੇਸ਼ ਦਿੰਦੇ ਹਨ। ਵਿੱਦਿਆ ਪ੍ਰਣਾਲੀਆਂ ਵਿਚ ਅੱਜ ਕੱਲ ਉਪਦੇਸ਼ਾਤਮਕ ਵਿਧੀ ਨੂੰ ਠੀਕ ਨਹੀਂ ਸਮਝਿਆ ਜਾਂਦਾ। ਜਿਹੜਾ ਅਧਿਆਪਕ

ਸੰਬੰਧਤ ਸਿੱਖਿਆ ਲੈਣ-ਦੇਣ ਵਿਚ ਆਪ ਸ਼ਾਮਲ ਹੋ ਕੇ ਨਾਲ ਵਿਦਿਆਰਥੀਆਂ ਨੂੰ ਸ਼ਾਮਲ ਕਰਦਾ ਹੈ ਉਸ ਨੂੰ ਚੰਗੇਰਾ ਅਧਿਆਪਕ ਗਿਣਿਆ ਜਾਂਦਾ ਹੈ। ਇਸ ਪੱਖ ਤੋਂ ਗੁਰੂ ਗੋਬਿੰਦ ਸਿੰਘ ਜੀ ਇਕ ਚੰਗੇਰੀ ਵਿਧੀ ਅਨੁਸਾਰ ਸਿੱਖਿਆ ਦੇਣ ਦਾ ਜਤਨ ਕਰ ਰਹੇ ਹਨ।

ਪਹਿਲੀ ਤੁਕ ਵਿਚ ਗੁਰੂ ਜੀ ਇਕ ਖਾਸ ਤਰ੍ਹਾਂ ਦਾ ਸੰਨਿਆਸ ਧਾਰਨ ਕਰਨ ਲਈ ਕਹਿ ਰਹੇ ਹਨ। ਸੰਨਿਆਸਾ ਸ਼ਬਦ ਨਾਲ 'ਐਸੋ' ਸ਼ਬਦ ਲੱਗਾ ਹੋਇਆ ਹੈ 'ਰੇ ਮਨ ਐਸੋ ਕਰ ਸੰਨਿਆਸਾ' ਜੋ ਉਸ ਨੂੰ ਆਮ ਸੰਨਿਆਸ ਨਾਲੋਂ ਵੱਖਰਾ ਕਰਦਾ ਹੈ। ਭਾਰਤੀ ਅਚਾਰੀਆ ਨੇ ਮਨੁੱਖ ਦੀ ਉਮਰ ਨੂੰ ਸੌ ਸਾਲ ਮੰਨ ਕੇ ਉਸ ਦੇ ਚਾਰ ਭਾਗ ਕੀਤੇ ਹਨ। ਪਹਿਲਾ ਬ੍ਰਹਮਚਰਜ, ਦੂਜਾ ਗ੍ਰਹਿਸਥ, ਤੀਜਾ ਬਾਨਪ੍ਰਸਤ, ਚੌਥਾ ਸੰਨਿਆਸ। ਆਦਰਸ਼ਕ ਸਮਾਜ ਲਈ ਇਹ ਵੰਡ ਚੰਗੀ ਸੀ। ਪਰ ਇਹ ਇਸੇ ਤਰ੍ਹਾਂ ਕਾਇਮ ਨਹੀਂ ਰਹੀ। ਕੁਝ ਲੋਕ ਤਾਂ ਪਹਿਲੀ ਉਮਰੇ ਹੀ ਸਮਾਜ ਦੇ ਝਮੇਲਿਆਂ ਤੋਂ ਇੰਨੇ ਤੰਗ ਆ ਜਾਂਦੇ ਸਨ ਕਿ ਸੰਨਿਅਸੀ ਬਣ ਕੇ ਰਹਿ ਜਾਂਦੇ ਸਨ। ਕੁਝ ਲੋਕ ਬੁੱਢੇ ਵਾਰੇ ਵੀ ਗ੍ਰਹਿਸਥ ਦੇ ਚੱਕਰਾਂ ਵਿਚ ਫਸੇ ਰਹਿੰਦੇ ਸਨ। ਗੁਰੂ ਸਾਹਿਬ ਇਸ ਸੰਨਿਆਸ ਨੂੰ ਨਕਾਰਦੇ ਹੋਏ ਆਪਣੇ ਖਾਸ ਸੰਨਿਆਸ ਦੀ ਗੱਲ ਕਰਦੇ ਹਨ। ਪਹਿਲੇ ਸੰਨਿਆਸੀ ਘਰ ਨੂੰ ਛੱਡ ਕੇ ਜੰਗਲਾਂ ਵਿਚ ਜਾਦੇ ਸਨ ਅਤੇ ਸੰਸਾਰ ਵੱਲੋਂ ਉਦਾਸੀਨ ਬਿਰਤੀ ਧਾਰਨ ਕਰਦੇ ਸਨ ਪਰ ਗੁਰੂ ਸਾਹਿਬ ਕਹਿੰਦੇ ਹਨ:

ਬਨ ਸੇ ਸਦਨ ਸਬੈ ਕਰ ਸਮਝਹੁ ਮਨ ਹੀ ਮਾਹਿ ਉਦਾਸਾ॥

ਭਾਵ ਆਪਣੇ ਮਨ ਵਿਚ ਇਸ ਸੰਸਾਰ ਤੋਂ ਉਦਾਸੀ ਜਾਂ ਵਿਰਕਤਤਾ ਧਾਰਨ ਕਰਕੇ ਸਦਨ ਭਾਵ ਘਰ ਨੂੰ ਹੀ ਜੰਗਲ ਸਮਝ ਲੈਣਾ ਚਾਹੀਦਾ ਹੈ। ਗੁਰੂ ਨਾਨਕ ਦੇਵ ਜੀ ਨੂੰ ਜਦੋਂ ਸਿੱਧਾਂ ਨੇ ਪੁੱਛਿਆ ਕਿ ਮੁਕਤੀ ਕਿਵੇਂ ਮਿਲ ਸਕਦੀ ਹੈ ਤਾਂ ਉਹਨਾਂ ਉੱਤਰ ਦਿੱਤਾ ਸੀ :

ਜੈਸੇ ਜਲ ਮਹਿ ਕਮਲੁ ਨਿਰਾਮਲੁ ਮੁਰਗਾਈ ਨੈਸਾਣੇ।
ਸੁਰਤਿ ਸਬਦਿ ਭਵ ਸਾਗਰ ਤਰੀਐ ਨਾਨਕ ਨਾਮੁ ਵਖਾਣੇ। (ਆਦਿ ਗ੍ਰੰਥ, ਪੰਨਾ ੯੩੮)

ਗੁਰੂ ਸਾਹਿਬਾਨ ਉਚੇਰੀ ਅਵਸਥਾ ਪ੍ਰਾਪਤ ਕਰਨ ਲਈ ਜੰਗਲ ਜਾਣ ਦੀ ਲੋੜ ਨਹੀਂ ਸਮਝਦੇ। ਉਹ ਤਾਂ ਇਸ ਸੰਸਾਰ (ਸਮਾਜ) ਨੂੰ ਹੀ ਪਰਮਾਤਮਾ ਦਾ ਰੂਪ ਮੰਨਦੇ ਹਨ ਅਤੇ ਇਸਦੀ ਸੇਵਾ ਕਰਨ ਨੂੰ ਹੀ ਉਹ ਪਰਮਾਤਮਾ ਦੀ ਭਗਤੀ ਗਿਣਦੇ ਹਨ:

ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ।
ਮੰਦਾ ਕਿਸਨੋ ਆਖੀਐ ਜਾ ਤਿਸੁ ਬਿਨੁ ਕੋਈ ਨਾਹਿ। (ਆਦਿ ਗ੍ਰੰਥ, ਪੰਨਾ ੨੩੮੧)

ਪਰ ਅਜਿਹਾ ਕਰਨ ਲਈ ਆਪਣੇ ਨਿੱਜ ਦਾ ਮੋਹ, ਹਉਮੈ, ਸਵਾਰਥ ਆਦਿ ਭਾਵਾਂ ਦਾ ਤਿਆਗ ਕਰਨਾ ਪੈਂਦਾ ਹੈ। ਇਹੀ ਗੁਰੂ ਸਾਹਿਬਾਨ ਦਾ ਉਦਾਸੀ ਭਾਵ ਹੈ। ਜੇ ਇਹ ਭਾਵ ਮਨ ਵਿਚ ਆ ਜਾਵੇ ਤਾਂ ਘਰ ਵੀ ਜੰਗਲ ਬਣ ਸਕਦਾ ਹੈ। ਸੰਸਾਰਕ ਵਸਤਾਂ ਨਾ ਚੰਗੀਆਂ ਹਨ ਨਾ ਮਾੜੀਆਂ। ਉਹਨਾਂ ਨਾਲ ਤੁਹਾਡਾ ਰਿਸ਼ਤਾ ਉਹਨਾਂ ਨੂੰ ਚੰਗਾ ਜਾਂ ਮਾੜਾ ਬਣਾਉਂਦਾ ਹੈ। ਜੇ ਤੁਸੀਂ ਉਹਨਾਂ ਉੱਤੇ ਆਪਣੀ ਮਾਲਕੀ ਮਨ ਕੇ ਉਹਨਾਂ ਦੀ ਰਾਖੀ ਲਈ ਹੀ ਆਪਣੀ ਉਮਰ ਗੁਆ ਦਿੰਦੇ ਹੋ ਤਾਂ ਇਹ ਵਸਤਾਂ ਮਾੜੀਆਂ ਹਨ ਪਰ ਜੇ ਤੁਸੀਂ ਉਹਨਾਂ ਦਾ ਪ੍ਰਯੋਗ ਸਮਾਜ ਸੇਵਾ ਲਈ ਕਰਦੇ ਹੋ ਤਾਂ ਇਹੀ ਵਸਤਾਂ ਚੰਗੀਆਂ ਬਣ ਜਾਂਦੀਆਂ ਹਨ। ਇਹੀ ਹਾਲ ਘਰ ਦਾ ਹੈ। ਘਰ ਮਨੁੱਖ ਦੇ ਵਿਕਾਸ ਲਈ ਬਣਿਆ ਹੈ ਪਰ ਜੇ ਮਨੁੱਖ ਕੇਵਲ ਆਪਣੇ ਘਰ ਵਿਚ ਹੀ ਖਚਤ ਹੋ ਕੇ ਰਹਿ ਜਾਵੇ ਤਾਂ ਘਰ ਮਾੜਾ ਬਣ ਜਾਂਦਾ ਹੈ ਪਰ ਜੇ ਇਹੋ ਘਰ ਸਮਾਜ ਸੇਵਾ ਦਾ ਕੇਂਦਰ ਬਣ ਜਾਵੇ ਤਾਂ ਇਹ ਚੰਗਾ ਬਣ ਜਾਂਦਾ ਹੈ। ਗੁਰੂ ਸਾਹਿਬ ਘਰ ਨੂੰ ਜੰਗਲ ਸਮਝਣ ਦੀ ਹਦਾਇਤ ਕਰਦੇ ਹਨ।

ਜਤ ਕੀ ਜਟਾ ਜੋਗ ਕੋ ਮਜਨ ਨੇਮ ਕੇ ਨਖਨ ਬਢਾਓ

ਸੰਨਿਆਸੀ ਲੋਕ ਜਟਾਵਾਂ ਧਾਰਨ ਕਰਦੇ ਹਨ। ਸਾਡੇ ਸਮਾਜ ਵਿਚ ਕੇਸਾਂ ਨੂੰ ਸੁਆਰਨਾ ਸਭਿਅਤਾ ਜਾਂ ਗ੍ਰਹਿਸਥ ਦੀ ਨਿਸ਼ਾਨੀ ਮੰਨਿਆ ਜਾਂਦਾ ਹੈ। ਸੰਨਿਆਸੀ ਲੋਕ ਕੰਘਾ ਕਰਨਾ ਛੱਡ ਭਾਵ ਗ੍ਰਹਿਸਥ ਤਿਆਗ ਕੇ ਕੇਸਾਂ ਦੀਆਂ ਜਟਾਵਾਂ ਬਣਾ ਲੈਂਦੇ ਹਨ। ਪਰ ਗੁਰੂ ਸਾਹਿਬ ਉਸ ਸੰਨਿਆਸੀ ਨੂੰ ਜਿਹੜਾ ਆਪਣੇ ਮਨ ਵਿਚ ਉਦਾਸ ਧਾਰਨ ਕਰਦਾ ਹੈ ਅਤੇ ਘਰ ਨੂੰ ਜੰਗਲ ਸਮਝਦਾ ਹੈ, ਜਤ ਦੀਆਂ ਜਟਾਵਾਂ ਧਾਰਨ ਕਰਨ ਲਈ ਕਹਿੰਦੇ ਹਨ ਇੱਥੇ 'ਜਤ' ਜੋਗੀਆਂ ਵਾਲਾ ਜਤ ਨਹੀਂ, ਕਿ ਆਪਣੀਆਂ ਇੱਛਾਵਾਂ ਨੂੰ ਬਿਲਕੁਲ ਖਤਮ ਹੀ ਕਰ ਲਓ। ਇਥੇ ਜਤ ਦਾ ਅਰਥ ਆਪਣੀਆਂ ਇੱਛਾਵਾਂ ਨੂੰ ਕਾਬੂ ਕਰਨ ਤੋਂ ਹੈ। ਇਸੇ ਕਰਕੇ ਗੁਰਮਤਿ ਵਿਚ 'ਏਕਾ ਨਾਰੀ ਜਤੀ ਸੋਇ' ਦਾ ਸੰਕਲਪ ਦਿੱਤਾ

ਗਿਆ ਹੈ। ਗੁਰਬਾਣੀ ਵਿਚ ਲਿਖਿਆ ਹੈ:

ਜਤਨ ਕਰੇ ਬਿੰਦੁ ਕਿਵੇ ਨ ਰਹਾਈ। ਮਨੂਆ ਡੋਲੈ ਨਰਕੇ ਪਾਈ। (ਆਦਿ ਗ੍ਰੰਥ, ਪੰਨਾ ੯੦੬)

ਭਾਈ ਕਾਹਨ ਸਿੰਘ ਨਾਭਾ ਅਨੁਸਾਰ ਇਹਨਾਂ ਤੁਕਾਂ ਦਾ ਭਾਵ ਇਹ ਹੈ ਕਿ ਕਿਤਨੇ ਹੀ ਜਤਨ ਕਰੋ ਵੀਰਯ ਰੁਕ ਨਹੀਂ ਸਕਦਾ। ਇਸ ਕਰਕੇ ਹਠ ਨਾਲ ਬਿੰਦੂ ਰੋਕਣ ਵਾਲੇ ਨੂੰ ਜਤੀ ਕਹਿਣਾ ਉਚਿਤ ਨਹੀਂ।ਜੋ ਗ੍ਰਿਹਸਥੀ ਹੋ ਕੇ ਪਰ ਇਸਤਰੀ ਵੱਲ ਮੰਦੀ ਨਜ਼ਰ ਕਰਦਾ ਹੈ ਉਹ ਤਾਂ ਜਤੀ ਦੀ ਪੱਦਵੀ ਤੋਂ ਮੁੱਢੋਂ ਹੀ ਦੂਰ ਹੈ, ਕਿਉਂਕਿ ਉਸ ਨੇ ਗ੍ਰਿਹਸਥ ਆਸ਼ਰਮ ਦੀ ਰਹਿਣੀ ਗੁਰ ਸ਼ਬਦ ਦੁਆਰਾ ਨਹੀਂ ਜਾਣੀ। ਗੁਰਮੁਖ ਮਹਾਂਪੁਰਖਾਂ ਨੇ ਜਤ ਦਾ ਤੱਤ ਵਿਚਾਰਿਆ ਹੈ ਅਰਥਾਤ ਨਾ ਉਹ ਹਠ ਕਰਕੇ ਵੀਰਯ ਰੋਕ ਕੇ ਗ੍ਰਹਿਸਥ ਦੇ ਤਿਆਗੀ ਹਨ ਅਤੇ ਨਾ ਵਿਸ਼ਯ ਲੰਪਟ ਹੋ ਕੇ ਇਸਤੀਵ੍ਰਤ ਤੋਂ ਪਤਿਤ ਹੁੰਦੇ ਹਨ।

(ਗੁਰਮਤਿ ਸੁਧਾਕਰ, ਪੰਨਾ 386)

ਭਾਈ ਗੁਰਦਾਸ ਜੀ ਜਤੀ ਸ਼ਬਦ ਦਾ ਅਰਥ - ਵਿਸਥਾਰ ਕਰਦਿਆਂ ਕਹਿੰਦੇ ਹਨ ਕਿ ਜਿਸ ਨੇ ਆਪਣੀ ਹਉਮੈ ਨੂੰ ਮਾਰ ਲਿਆ ਹੈ ਉਹ ਜਤੀ ਹੈ:

ਗੁਰਮੁਖ ਜਤੀ ਸਲਾਹੀਅਨ ਜਿਨ ਹਉਮੈ ਮਾਰੀ। (ਵਾਰ ੩੮ ਪਉੜੀ ੭)

ਇਸੇ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਆਪਣੇ ਵਿਸ਼ੇਸ਼ ਸੰਨਿਆਸ ਲਈ ਵਿਸ਼ੇਸ਼ ਤਰ੍ਹਾਂ ਦੇ ਜਤ ਦੀਆਂ ਜਟਾਵਾਂ ਧਾਰਨ ਕਰਨ ਲਈ ਉਪਦੇਸ਼ ਦਿੰਦੇ ਹਨ। ਇਸੇ ਤੁਕ ਵਿਚ ਦੂਸਰਾ ਲੱਛਣ ਦੱਸਿਆ ਹੈ- ਜੋਗ ਕੋ ਮਜਨ, ਮਜਨ ਦਾ ਅਰਥ ਹੈ ਇਸ਼ਨਾਨ ਕਰਨਾ।ਭਾਰਤ ਵਿਚ ਇਸ਼ਨਾਨ ਕਰਨ ਦਾ ਬੜਾ ਮਹਾਤਮ ਦੱਸਿਆ ਗਿਆ ਹੈ।ਜੋਗੀ ਲੋਕ ਜਾਂ ਜਿਹੜੇ ਘਰ-ਬਾਰ ਤਿਆਗ ਦਿੰਦੇ ਹਨ ਉਹਨਾਂ ਨੂੰ ਹੋਰ ਕੋਈ ਕੰਮ ਨਹੀ਼ ਸੀ ਹੁੰਦਾ। ਉਹ ਆਪਣੀ ਉਮਰ ਤੀਰਥਾਂ ਤੇ ਇਸ਼ਨਾਨ ਕਰਦਿਆਂ ਹੀ ਲੰਘਾ ਦਿੰਦੇ ਸਨ। ਇਸ ਇਸ਼ਨਾਨ ਦਾ ਮੰਤਵ ਸਰੀਰ ਦੀ ਸਫਾਈ ਨਹੀਂ ਸੀ ਸਗੋਂ ਕੇਵਲ ਇੱਕ ਤਰ੍ਹਾਂ ਦਾ ਧਾਰਮਕ ਭਰਮ ਸੀ ਕਿ ਇਹਨਾਂ ਤੀਰਥਾਂ ਤੇ ਇਸ਼ਨਾਨ ਕਰਨ ਨਾਲ ਮੁਕਤੀ ਮਿਲ ਜਾਂਦੀ ਹੈ। ਪਰ ਗੁਰੂ ਗੋਬਿੰਦ ਸਿੰਘ ਜੋਗ ਰੂਪੀ ਇਸ਼ਨਾਨ ਕਰਨ ਲਈ ਉਪਦੇਸ਼ ਕਰਦੇ ਹਨ। ਜੋਗ ਦਾ ਅਰਥ ਹੈ ਜੋੜਨਾ ਜਾਂ ਜੁੜਨਾ। ਭਾਵ ਪਰਮਾਤਮਾ ਨਾਲ ਜੁੜਨਾ। ਆਪਣੇ ਆਪ ਨੂੰ ਸੰਸਾਰ ਨਾਲੋਂ ਤੋੜ ਕੇ ਪਰਮਾਤਮਾ ਨਾਲ ਜੋੜਨਾ। ਜੋਗੀ ਲੋਗ ਇਸ ਸੰਸਾਰ ਤੋਂ ਆਪਣੇ ਆਪ ਨੂੰ ਵਿਰਕਤ ਕਰਨ ਲਈ ਕਈ ਤਰ੍ਹਾਂ ਦੇ ਆਸਣ ਕਰਦੇ ਸਨ ਪਰ ਗੁਰਮਤਿ ਵਿਚ- ਅਜਿਹੇ ਜੋਗ ਨੂੰ ਉਚਿਤ ਲਈ ਸਮਝਿਆ ਗਿਆ :

ਸਿਧਾਂ ਕੇ ਆਸਣ ਜੇ ਸਿਖੇ ਇੰਦ੍ਰੀ ਵਸਿ ਕਰਿ ਕਮਾਇ ॥
ਮਨ ਕੀ ਮੈਲੁ ਨ ਉਤਰੈ ਹਉਮੈ ਮੈਲੁ ਨਾ ਜਾਇ ॥ (ਆਦਿ ਗ੍ਰੰਥ, ਪੰਨਾ ੫੫੮)

ਗੁਰੂ ਨਾਨਕ ਦੇਵ ਜੀ ਘਰ ਹੀ ਵਿਚ ਜੋਗੀ ਹੋਣ ਨੂੰ ਦ੍ਰਿੜ੍ਹ ਕਰਦਿਆਂ ਫੁਰਮਾਉਂਦੇ ਹਨ :

ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ । (ਆਦਿ ਗ੍ਰੰਥ, ਪੰਨਾ ੧੩੦)

ਸਨਿਆਸੀ ਲੋਕ ਨਹੁੰ ਨਹੀਂ ਸੀ ਕੱਟਦੇ ਸ਼ਾਇਦ ਇਸ ਪਿੱਛੇ ਭਾਵਨਾਂ ਕਰੂਪ ਦਿਸਣ ਦੀ ਹੀ ਹੋਏ । ਪਰ ਗੁਰੂ ਗੋਬਿੰਦ ਸਿੰਘ ਜੀ ਦੇ ਸੰਨਿਆਸ ਵਿੱਚ ਨੇਮ ਦੇ ਨਹੁੰ ਵਧਾਉਣ ਲਈ ਕਿਹਾ ਗਿਆ ਹੈ। ਆਪਣੇ ਜੀਵਨ ਨੂੰ ਨਿਯਮਬੱਧ ਕਰਨਾ ਸਿੱਖ ਸੰਨਿਆਸੀ ਲਈ ਜ਼ਰੂਰੀ ਹੈ । ਸਿੱਖ ਨੇ ਆਪਣੇ ਜੀਵਨ ਨੂੰ ਸਹਿਜ ਅਵਸਥਾ ਵਿਚ ਰੱਖ ਕੇ ਨਿਯਮਬੱਧ ਕਰਨਾ ਹੈ। ਗੁਰਬਾਣੀ ਵਿੱਚ ਸਿੱਖ ਲਈ ਰੋਜ਼ਾਨਾ ਜੀਵਨ ਦੀ ਇੱਕ ਰਹਿਣੀ ਦੱਸੀ ਗਈ ਹੈ :

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ
ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ।... (ਆਦਿ ਗ੍ਰੰਥ, ਪੰਨਾ ੩੦੫)

ਗਿਆਨ ਗੁਰੂ ਆਤਮ ਉਪਦੇਸਹੁ ਨਾਮ ਬਿਭੂਤ ਲਗਾਓ

ਭਾਰਤੀ ਸੰਸਕ੍ਰਿਤੀ ਵਿੱਚ ਗੁਰੂ ਦੀ ਬੜੀ ਮਹੱਤਤਾ ਰਹੀ ਹੈ। ਆਮ ਕਹਾਵਤ ਹੈ ਕਿ ਗੁਰੂ ਬਿਨਾਂ ਗਤ ਨਹੀਂ ।

ਗੁਰਬਾਣੀ ਵਿੱਚ ਵਾਕ ਮਿਲਦਾ ਹੈ। 'ਨਿਗੁਰੇ ਕਾ ਹੈ ਨਾਉ ਬੁਰਾ'। ਪਰ ਦੇਹਧਾਰੀ ਗੁਰੂ ਦੇ ਜਿੱਥੇ ਲਾਭ ਸਨ ਉਥੇ ਹਾਨੀਆਂ ਵੀ ਸਨ। ਲਾਭ ਤਾਂ ਇਹ ਸਨ ਕਿ ਦੇਹਧਾਰੀ ਗੁਰੂ ਕੋਲੋਂ ਅਸੀਂ ਆਪਣੀਆਂ ਨਿਤ ਦੀਆਂ ਸਮੱਸਿਆਵਾਂ ਬਾਰੇ ਵੀ ਅਗਵਾਈ ਲੈ ਸਕਦੇ ਸਾਂ। ਉਹ ਸਾਨੂੰ ਹਰ ਸਮੇਂ ਚੰਗੇ ਮਾੜੇ ਬਾਰੇ ਦੱਸ ਸਕਦਾ ਸੀ। ਪਰ ਦੇਹਧਾਰੀ ਗੁਰੂ ਕਈ ਵਾਰ ਡੋਲ ਵੀ ਜਾਂਦੇ ਸਨੇ। ਉਹ ਕਈ ਵਾਰ ਆਪਣੇ ਸਵਾਰਥ ਲਈ ਲੋਕਾਂ ਨੂੰ ਠੀਕ ਰਾਹ ਪਾਉਣ ਦੀ ਬਜਾਇ ਗਲਤ ਰਾਹ ਵੀ ਪਾ ਦਿੰਦੇ ਸਨ। ਇਸੇ ਲਈ ਗੁਰੂ ਸਾਹਿਬਾਨ ਨੇ ਆਪਣਾ ਜੀਵਨ ਭਾਵੇਂ ਆਦਰਸ਼ਕ ਗੁਰੂ ਵਾਲਾ ਬਿਤਾਇਆ ਪਰ ਉਹਨਾਂ ਨੇ ਗੁਰੂ, ਗੁਰਵਾਕ ਭਾਵ ਗੁਰਬਾਣੀ ਨੂੰ ਹੀ ਮੰਨਿਆ :

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ।
ਗੁਰ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ। (ਆਦਿ ਗ੍ਰੰਥ, ਪੰਨਾ ੯੮੨)

ਸੋ ਸਿੱਖ ਸੰਨਿਆਸੀ ਦੇਹਧਾਰੀ ਗੁਰੂ ਧਾਰਨ ਨਹੀਂ ਕਰਦਾ ਸਗੋਂ ਗਿਆਨ ਰੂਪੀ ਗੁਰੂ ਰਾਹੀਂ ਆਪਣੀ ਆਤਮਾ ਨੂੰ ਉਪਦੇਸ਼ ਕਰਦਾ ਹੈ। ਸੰਨਿਆਸੀ ਆਪਣੇ ਸਰੀਰ ਤੇ ਸੁਆਹ ਜਾਂ ਬਿਭੂਤੀ ਵੀ ਮਲਦੇ ਹਨ। ਪਰ ਗੁਰੂ ਗੋਬਿੰਦ ਸਿੰਘ ਜੀ ਨਾਮ ਦੀ ਬਿਭੂਤੀ ਲਾਉਣ ਲਈ ਕਹਿੰਦੇ ਹਨ। ਗੁਰਬਾਣੀ ਵਿੱਚ 'ਨਾਮ' ਦਾ ਅਰਥ ਪਰਮਾਤਮਾ ਹੈ। ਵੈਸੇ ਵਿਸ਼ੇਸ਼ਣਾਂ ਵਜੋਂ ਉਸ ਦੇ ਅਨੇਕ ਨਾਮ ਹਨ। ਜਦੋਂ ਮਨੁੱਖ ਪਰਮਾਤਮਾ ਦੇ ਗੁਣਾਂ ਰੂਪੀ ਨਾਵਾਂ ਨੂੰ ਵਾਰ ਵਾਰ ਯਾਦ ਕਰਦਾ ਹੈ ਤਾਂ ਉਸ ਵਿੱਚ ਵੀ ਉਹ ਗੁਣ ਉਜਾਗਰ ਹੋਣੇ ਸ਼ੁਰੂ ਹੋ ਜਾਂਦੇ ਜਿਹੜੇ ਉਸ ਨੂੰ ਪਰਮਾਤਮਾ ਨਾਲ ਜੋੜਨ ਵਿੱਚ ਸਹਾਈ ਹੁੰਦੇ ਹਨ। ਜਪੁਜੀ ਵਿੱਚ ਗੁਰੂ ਨਾਨਕ ਜੀ ਦਾ ਫੁਰਮਾਨ ਹੈ :

ਭਰੀਐ ਮਤਿ ਪਾਪਾ ਕੈ ਸੰਗਿ ।
ਓਹ ਧੋਪੈ ਨਾਵੈ ਕੇ ਰੰਗਿ ।

ਨਾਮ ਦੀ ਬਿਭੂਤੀ ਮਨੁੱਖੀ ਜੀਵਨ ਵਿੱਚ ਕੀਤੇ ਮਾੜੇ ਕਰਮਾਂ ਦੀ ਮੈਲ ਨੂੰ ਧੋ ਦਿੰਦੀ ਹੈ।

ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦਇਆ ਛਿਮਾ ਤਨ ਪ੍ਰੀਤ

ਸੰਨਿਆਸੀ ਲੋਕ ਭੁੱਖ ਨੂੰ ਮਾਰਨ ਲਈ ਕਈ ਕਈ ਦਿਨ ਵਰਤ ਰੱਖਦੇ ਸਨ। ਦੂਸਰੇ ਪਾਸੇ ਕਈ ਗ੍ਰਹਿਸਥੀ ਲੋੜ ਨਾਲੋਂ ਵਧੇਰੇ ਖਾਂਦੇ ਸਨ। ਗੁਰੂ ਸਾਹਿਬ ਨੇ ਵਿਚਕਾਰਲਾ ਰਸਤਾ-ਧਾਰਨਾ ਕਰਨ ਦਾ ਉਪਦੇਸ਼ ਦਿੱਤਾ ਹੈ। ਥੋੜ੍ਹਾ ਖਾਣਾ ਅਤੇ ਥੋੜ੍ਹਾ ਸੌਣਾ ਚਾਹੀਦਾ ਹੈ। ਗੁਰੂ ਨਾਨਕ ਦੇਵ ਜੀ ਆਸਾ ਦੀ ਵਾਰ ਵਿੱਚ ਦਸਦੇ ਹਨ :

ਓਨੀ ਦੁਨੀਆਂ ਤੋੜੇ ਬੰਧਨਾਂ ਅੰਨੁ ਪਾਣੀ ਥੋੜਾ ਖਾਇਆ ॥ (ਆਦਿ ਗ੍ਰੰਥ, ਪੰਨਾ ੪੩੭)

ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿੱਚੋਂ ਵੀ ਅਜਿਹੀ ਜੀਵਨ ਜੁਗਤ ਦੇ ਸੰਕੇਤ ਮਿਲਦੇ ਹਨ :

ਹਉ ਤਿਸ ਘੋਲਿ ਘੁਮਾਇਆ ਥੋੜਾ ਸਵੈ ਥੋੜਾ ਹੀ ਖਾਵੈ ॥ (ਵਾਰ ੧੨ ਪਉੜੀ ੫)

ਅਤੇ

ਜੋਗ ਜੁਗਤਿ ਗੁਰਸਿਖ ਗੁਰ ਸਮਝਾਇਆ।
ਆਸਾ ਵਿਚਿ ਨਿਰਾਸਿ ਨਿਰਾਸੁ ਵਲਾਇਆ।
ਥੋੜਾ ਬੋਲਣ ਬੋਲਿ ਨ ਝਖਿ ਝਖਾਇਆ।
ਥੋੜੀ ਰਾਤੀਂ ਨੀਂਦ ਨ ਮੋਹਿ ਫਹਾਇਆ । (ਵਾਰ ੨੦, ਪਉੜੀ ੧੫)

ਪਿਛਲ ਰਾਤੀਂ ਜਾਗਣਾ ਨਾਮ ਦਾਨ ਇਸ਼ਨਾਨ ਦ੍ਰਿੜਾਏ ।
ਮਿਠਾ ਬੋਲਣ ਨਿਵ ਚਲਣ ਹਥਹੁ ਦੇ ਕੈ ਭਲਾ ਮਨਾਏ।
ਥੋੜਾ ਸਵਣਾ ਖਾਵਣਾ ਥੋੜਾ ਬੋਲਣ ਗੁਰਮਤ ਪਾਏ।

ਭਾਈ ਸੰਤੋਖ ਸਿੰਘ ਜੀ ਗੁਰੂ ਅਮਰਦਾਸ ਜੀ ਦੇ ਉਪਦੇਸ਼ ਨੂੰ ਕਲਮਬੱਧ ਕਰਦਿਆਂ ਇਸ ਗੱਲ ਨੂੰ ਹੋਰ ਸਪਸ਼ਟ ਕਰਦੇ ਹਨ :

ਛੁਧਾ ਬਿਨਾ ਨਹਿ ਖੈ ਬੋ ਕਰੇ।

ਨੀਂਦ ਬਿਨਾ ਨਹਿ ਸੁਪਤਨ ਪਰੈ।
ਛੁਧ ਬਿਨ ਖਾਇ ਰੋਗ ਉਪਜਾਵੈ।
ਜੋ ਸੁਪਤੇ ਨਿਜ ਅਵਧਿ ਘਟਾਵੈ।
(ਗੁਰ ਪ੍ਰਤਾਪ ਸੂਰਜ, ਰਾਗ ੧, ਅਧਿਆਇ 64)

ਗੁਰਸਿੱਖ ਰੂਪੀ ਸੰਨਿਆਸੀ ਆਪਣੇ ਮਨ ਵਿੱਚ ਦਇਆ ਭਾਵ ਲਿਆਵੇ। ਇਸ ਧਰਤੀ ਤੇ ਵਿਚਰਨ ਲੱਗਿਆਂ, ਸਮਾਜ ਵਿੱਚ ਰਹਿੰਦਿਆਂ ਦਇਆ ਬੜਾ ਅਹਿਮ ਜਜ਼ਬਾ ਹੈ। ਜੇ ਇਹ ਜਜ਼ਬਾ ਨਾ ਹੋਵੇ ਤਾਂ ਸਮਾਜ ਦੇ ਤਹਿਸ-ਨਹਿਸ ਹੋ ਜਾਣ ਦਾ ਖਤਰਾ ਬਣ ਜਾਂਦਾ ਹੈ। ਦਇਆ ਦਾ ਭਾਵ ਆਪੇ ਨੂੰ, ਸਵਾਰਥ ਨੂੰ ਗੁਆਉਣ ਉਪਰੰਤ ਹੀ ਪੈਦਾ ਹੁੰਦਾ ਹੈ। ਜਦੋਂ ਮਨੁੱਖ ਸਵਾਰਥ ਛੱਡ ਕੇ ਕਿਸੇ ਦੂਜੇ ਲਈ ਕੰਮ ਕਰਦਾ ਹੈ ਤਾਂ ਉਹ ਕੰਮ ਦਇਆ ਵੱਸ ਹੋ ਕੇ ਕੀਤਾ ਗਿਆ ਸਮਝਿਆ ਜਾਂਦਾ ਹੈ। ਧਾਰਮਕ ਖੇਤਰ ਵਿੱਚ ਦਇਆ ਨੂੰ ਧਰਮ ਦੀ ਮਾਂ ਕਿਹਾ ਜਾਂਦਾ ਹੈ:

ਧੌਲ ਧਰਮੁ ਦਇਆ ਕਾ ਪੂਤੁ (ਆਦਿ ਗ੍ਰੰਥ, ਪੰਨਾ ੧੨)

ਗੁਰੂ ਨਾਨਕ ਦੇਵ ਜੀ ਆਸਾ ਦੀ ਵਾਰ ਵਿੱਚ ਵੀ ਦਇਆ ਦੀ ਗੱਲ ਕਰਦੇ ਹਨ :

ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਹਿ ।
ਦਇਆ ਜਾਣੈ ਜੀਅ ਕੀ ਕਿਛੁ ਪੁੰਨੁ-ਦਾਨੁ ਕਰੇਇ। (ਆਦਿ ਗ੍ਰੰਥ, ਪੰਨਾ ੪੬੮)

ਭਾਈ ਕਾਹਨ ਸਿੰਘ ਨਾਭਾ ਗੁਰਮਤਿ ਮਾਰਤੰਡ ਦੇ ਪੰਨਾ 118 'ਤੇ ਇਹਨਾਂ ਤੁਕਾਂ ਦੇ ਅਰਥਾਂ ਵਿੱਚ ਦਇਆ ਭਾਵ ਸਪਸ਼ਟ ਕਰਦੇ ਹਨ; ਕਿ "ਜੀਵਾਂ ਉੱਤੇ ਦਇਆ ਕਰਨ ਦੀ ਜੁਗਤ ਜਾਣ ਸੱਪ, ਠੂੰਹੇ, ਸ਼ੇਰ-ਬਘਿਆੜ ਅਤੇ ਹਲਕਾਏ ਕੁੱਤਿਆਂ ਆਦਿ ਉੱਤੇ ਦਇਆ ਕਰਕੇ ਪਾਪ ਦਾ ਭਾਗੀ ਨਾ ਬਣੇ ਅਤੇ ਜੀਵ ਮਾਰਨ ਦੇ ਭੈ ਤੋਂ ਜੁੱਤੀ ਤਿਆਗ ਕੇ ਮੂੰਹ ਤੇ ਪੱਟੀ ਨਾ ਬੰਨ੍ਹ ਬੈਠੇ। ਇਸ ਤਰ੍ਹਾਂ ਹੀ ਆਪਣੇ ਅਧੀਨ ਜੀਵਾਂ ਨੂੰ ਭੁੱਖ, ਤ੍ਰੇਹ ਅਤੇ ਬੇਰਹਿਮਾਂ ਦੇ ਵਰਤਾਉ ਰੂਪ ਕਲੇਸ਼ ਤੋਂ ਬਚਾਉਣ ਦਾ ਸ਼ਕਤੀ ਭਰ ਜਤਨ ਕਰੇ।" ਦਇਆ ਤੋਂ ਬਿਨਾਂ ਧਰਮ ਦੀ ਸ਼ਕਤੀ ਖਤਮ ਹੋ ਜਾਂਦੀ ਹੈ। ਭਾਈ ਗੁਰਦਾਸ ਜੀ ਜਦੋਂ ਕਲਜੁਗ ਵਿੱਚ ਸਮਾਜ ਦੀ ਹਾਲਤ ਦੱਸਦੇ ਹਨ ਤਾਂ ਉਹ ਇਸ ਨੁਕਤੇ ਵੱਲ ਵਿਸ਼ੇਸ਼ ਸੰਕੇਤ ਦਿੰਦੇ ਹਨ :

ਚਾਰੇ ਜਾਗੇ ਚਹੁ ਜੁਗੀ ਪੰਚਾਇਣ ਆਪੇ ਹੋਆ।
ਆਪੇ ਪਟੀ ਕਲਮਿ ਆਪਿ ਆਪ ਲਿਖਣਿਹਾਰਾ ਹੋਆ।
ਬਾਝੁ ਗੁਰੂ ਅੰਧੇਰ ਹੈ ਖਹਿ ਖਹਿ ਮਰਦੇ ਬਹੁ ਬਿਧਿ ਹੋਆ।
ਵਰਤਿਆ ਪਾਪੁ ਜਗਤ੍ਰ ਤੇ ਧਉਲ ਉਡੀਣਾ ਨਿਸਦਿਨਿ ਰੋਆ।
ਬਾਝ ਦਇਆ ਬਲਹੀਣ ਹੋਇ ਨਿਘਰ ਚਲੇ ਰਸਾਤਲਿ ਟੋਆ ।

ਗੁਰੂ ਗੋਬਿੰਦ ਸਿੰਘ ਜੀ ਨੇ ਇੰਨੇ ਜੰਗ ਯੁੱਧ ਕੀਤੇ ਪਰ ਉਹਨਾਂ ਨੇ ਦਇਆ ਭਾਵ ਨੂੰ ਅੱਖੋਂ ਓਹਲੇ ਨਹੀਂ ਕੀਤਾ। ਕਹਿੰਦੇ ਹਨ ਕਿ ਉਹਨਾਂ ਦੇ ਤੀਰਾਂ ਨੂੰ ਸਵਾ ਤੋਲਾ ਸੋਨਾ ਲੱਗਾ ਹੁੰਦਾ ਸੀ। ਉਹਨਾਂ ਦੇ ਤੀਰ ਨਾਲ ਜੇ ਕਿਸੇ ਦਾ ਦੇਹਾਂਤ ਹੋ ਜਾਵੇ ਤਾਂ ਉਸ ਸੋਨੇ ਨਾਲ ਉਸ ਦਾ ਕਿਰਿਆ ਕਰਮ ਅਤੇ ਉਹ ਸੋਨਾ ਉਸ ਦੇ ਬਾਲ-ਬੱਚੇ ਦੇ ਕੰਮ ਵੀ ਆ ਸਕਦਾ ਸੀ। ਜੇ ਤੀਰ ਨਾਲ ਕੋਈ ਫੱਟੜ ਹੋ ਜਾਵੇ ਤਾਂ ਉਸਦਾ ਇਲਾਜ ਵੀ ਉਸ ਸੋਨੇ ਨਾਲ ਹੋ ਸਕਦਾ ਸੀ। ਦਇਆ ਦੇ ਨਾਲ ਖਿਮਾ ਦਾ ਗੁਣ ਵੀ ਅਜਿਹੇ ਸੰਨਿਆਸੀ ਲਈ ਜ਼ਰੂਰੀ ਹੈ। ਸਮਾਜ ਵਿੱਚ ਆਮ ਤੌਰ 'ਤੇ ਬਦਲੇ ਦੀ ਭਾਵਨਾ ਅਧੀਨ ਬਹੁਤ ਸਾਰੇ ਕੰਮ ਹੁੰਦੇ ਹਨ। ਲੋਕ ਪੀੜ੍ਹੀਆਂ ਤੱਕ ਇਕ ਦੂਜੇ ਦੇ ਦੁਸ਼ਮਣ ਬਣੇ ਰਹਿੰਦੇ ਹਨ। ਗੁਰੂ ਸਾਹਿਬ ਦਸੱਦੇ ਹਨ ਕਿ ਦਇਆ ਅਤੇ ਖਿਮਾਂ ਨੂੰ ਪ੍ਰੀਤ ਕਰਕੇ ਭਾਵ ਇਹਨਾਂ ਗੁਣਾਂ ਨੂੰ ਧਾਰਨ ਕਰਕੇ ਸਿੱਖ ਖਾਸ ਤਰ੍ਹਾਂ ਦਾ ਸੰਨਿਆਸੀ ਬਣੇ।

ਸੀਲ ਸੰਤੋਖ ਸਦਾ ਨਿਰਬਾਹਿਬੋ ਹ੍ਵੈਬੋ ਤ੍ਰਿਗੁਣ ਅਤੀਤ

ਸੀਲ ਸ਼ਬਦ ਦੇ ਕਈ ਅਰਥ ਹਨ-ਮਨਨ ਕਰਨਾ, ਮਨ ਟਿਕਾਉਣਾ, ਅਭਿਆਸ ਕਰਨਾ, ਇਸ ਦਾ ਅਰਥ ਸੱਭਅ, ਸ਼ਿਸ਼ਟਾਚਾਰ ਆਦਿ ਵੀ ਕੀਤਾ ਜਾਂਦਾ ਹੈ। ਗੁਰੂ ਸਾਹਿਬ ਇਹ ਗੁਣ ਵੀ ਧਾਰਨ ਕਰਨ ਦਾ ਉਪਦੇਸ਼ ਕਰਦੇ ਹਨ। ਸੰਤੋਖ ਨੂੰ ਨਿਭਾਉਣ ਲਈ ਵੀ ਹੁਕਮ ਹੈ। ਸੰਤੋਖ ਇੱਕ ਧਾਗੇ ਹੈ ਵਾਂਗ ਜਿਸ ਵਿੱਚ ਸਮਾਜ ਦੀ ਮਾਲਾ ਪਰੋਈ ਹੋਈ ਹੈ। ਜਪੁਜੀ ਦੀਆਂ ਤੁਕਾਂ ਫਿਰ ਪੜ੍ਹ-ਵਾਚੀਏ :

ਧੌਲ ਧਰਮ ਦਇਆ ਕਾ ਪੂਤੁ।
ਸੰਤੋਖੁ ਥਾਪਿ ਰਖਿਆ ਜਿਨਿ ਸੂਤਿ। (ਆਦਿ ਗ੍ਰੰਥ, ਪੰਨਾ ੩)

ਇਸ ਸੰਬੰਧ ਵਿੱਚ ਗੁਰਬਾਣੀ ਵਿੱਚ ਹੋਰ ਵੀ ਅਨੇਕ ਤੁਕਾਂ ਵੀ ਵਿਚਾਰਨਯੋਗ ਹਨ :
ਸਹਸ ਖਟੇ ਲਖ ਕਉ ਉਠਿ ਧਾਵੈ।
ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ।
ਅਨਿਕ ਭੋਗ ਬਿਖਿਆ ਕੇ ਕਰੈ।
ਨਹ ਤ੍ਰਿਪਤਾਵੈ ਖਪਿ ਖਪਿ ਮਰੈ।
ਬਿਨ ਸੰਤੋਖ ਨਹੀਂ ਕੋਊ ਰਾਜੈ
ਸੁਪਨ ਮਨੋਰਥ ਬਿਰਥੇ ਸਭ ਕਾਜੈ। (ਆਦਿ ਗ੍ਰੰਥ, ਪੰਨਾ ੨੭੮)

–ਸਤੁ ਸੰਤੋਖ ਦਇਆ ਕਮਾਵੈ ਏਹ ਕਰਣੀ ਸਾਰ । (ਆਦਿ ਗ੍ਰੰਥ, ਪੰਨਾ ੫੧)

–ਸਤ ਸੰਤੋਖਿ ਰਹਹੁ ਜਨ ਭਾਈ।
ਖਿਮਾ ਗਹਹੁ ਸਤਗੁਰ ਸਰਣਾਈ (ਆਦਿ ਗ੍ਰੰਥ, ਪੰਨਾ ੧੦੩੦)

–ਸਤੁ ਸੰਤੋਖਿ ਦਇਆ ਧਰਮ ਸੀਗਾਰ ਬਨਾਵਉ। (ਆਦਿ ਗ੍ਰੰਥ, ਪੰਨਾ ੮੨੨)

–ਸਤ ਸੰਤੋਖ ਸਦਾ ਸਚ ਪਲੈ ਸਚ ਬੋਲੈ ਪਿਰ ਪਾਏ। (ਆਦਿ ਗ੍ਰੰਥ, ਪੰਨਾ ੭੬੪)

ਜਿਸ ਕਾਰਜ ਵਿੱਚ ਸਤ, ਸੰਤੋਖ, ਦਇਆ ਅਤੇ ਧਰਮ ਹੋਵੇ ਉਸ ਨੂੰ ਉੱਤਮ ਦੱਸਿਆ ਗਿਆ ਹੈ ਅਤੇ ਇਸ ਗੱਲ ਨੂੰ ਕੇਵਲ ਉਹੀ ਜਾਣਦੇ ਹਨ ਜਿਹੜੇ ਗੁਰੂ ਭਾਵ ਗੁਰਬਾਣੀ ਵੱਲ ਮੂੰਹ ਕਰੀ ਬੈਠੇ ਹਨ ਭਾਵ ਉਸ ਨੂੰ ਸੁਣਦੇ, ਪੜ੍ਹਦੇ ਅਤੇ ਵਿਚਾਰਦੇ ਹਨ :

–ਜਿਤ ਕਾਰਜ ਸਤ ਸੰਤੋਖਿ ਦਇਆ ਧਰਮੁ ਹੈ
ਗੁਰਮੁਖਿ ਬੂਝੇ ਕੋਈ। (ਆਦਿ ਗ੍ਰੰਥ, ਪੰਨਾ ੩੫੧)

– ਸੰਤੋਖ ਆਇਆ ਮਨ ਪੂਰਾ ਪਾਇ।
ਫਿਰ ਫਿਰ ਮਾਗਨ ਕਾਹੇ ਜਾਇ । (ਆਦਿ ਗ੍ਰੰਥ, ਪੰਨਾ ੮੯੧)
ਸੰਤੋਖ ਕਾਰਨ ਹੀ ਬੰਦਾ ਆਪਣੇ ਸਵਾਰਥ ਤੋਂ ਮੁਕਤ ਹੋ ਸਕਦਾ ਹੈ।

ਤ੍ਰਿਗੁਣ ਸ਼ਬਦ ਮਾਇਆ ਵਾਸਤੇ ਪ੍ਰਯੋਗ ਕੀਤਾ ਜਾਂਦਾ ਹੈ। ਇਥੇ ਉਪਦੇਸ਼ ਹੈ ਕਿ ਮਾਇਆ ਤੋਂ ਰਹਿਤ ਹੋਵੇ :
ਪਰਹਰਿ ਕਾਮ ਕ੍ਰੋਧ ਝੂਠ ਨਿੰਦਾ ਤਜ ਮਾਇਆ ਅਹੰਕਾਰ ਚੁਕਾਵੈ।
ਤਜਿ ਕਾਮ ਕਾਮਨੀ ਮੋਹੁ ਤਜੈ ਤਾ ਅੰਜਨ ਮਾਹਿ ਨਿਰੰਜਨ ਪਾਵੈ। (ਆਦਿ ਗ੍ਰੰਥ, ਪੰਨਾ ੧੪੧)
ਕਾਮ ਕਰੋਧ ਹੰਕਾਰ ਲੋਭ ਹਠ ਮੋਹ ਨਾ ਮਨ ਸਿਉ ਲਿਆਵੈ

ਗੁਰੂ ਸਾਹਿਬ ਨੇ ਕਾਮ ਕਰੋਧ ਲੋਭ ਮੋਹ ਹੰਕਾਰ ਪੰਜਾ ਵਿਕਾਰਾਂ ਦੇ ਨਾਲ–ਨਾਲ ਹਠ ਨੂੰ ਵੀ ਸ਼ਾਮਲ ਕੀਤਾ ਏ ਅਤੇ ਇਸ ਤੋਂ ਵੀ ਬਚਣ ਦਾ ਉਪਦੇਸ਼ ਕੀਤਾ ਹੈ। ਇਹਨਾਂ ਵਿਕਾਰਾਂ ਬਾਰੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵੱਖ ਵੱਖ ਥਾਵਾਂ ਤੇ ਜ਼ਿਕਰ ਇਸ ਪ੍ਰਕਾਰ ਹੈ :

–ਸਾਧੋ ਮਨ ਕਾ ਮਾਨੁ ਤਿਆਗਉ ।
ਕਾਮ ਕ੍ਰੋਧ ਸੰਗਤਿ ਦੁਰਜਨ ਕੀ ਤਾਤੇ ਅਹਿਨਿਸ ਭਾਗੋ। (ਆਦਿ ਗ੍ਰੰਥ, ਪੰਨਾ ,੨੧੯)

–ਦੁਤੀਆ, ਦੁਰਮਤਿ ਦੂਰਿ ਕਰ ਗੁਰ ਸੇਵਾ ਕਰਿ ਨੀਤ ।
ਰਾਮ ਰਤਨੁ ਮਨਿ ਤਨਿ ਬਸੈ ਤਜ ਕਾਮ ਕ੍ਰੋਧ ਲੋਭੁ ਮੀਤ ।

(ਆਦਿ ਗ੍ਰੰਥ, ਪੰਨਾ ,੨੯੬)

–ਗੁਰ ਕੇ ਚਰਣ ਕਮਲ ਨਮਸਕਾਰਿ ।
ਕਾਮੁ ਕ੍ਰੋਧੁ ਇਸ ਤਨ ਤੇ ਮਾਰਿ ।

(ਆਦਿ ਗ੍ਰੰਥ, ਪੰਨਾ ,੮੬੬)

–ਛੋਡਹੁ ਕਾਮ  ਕ੍ਰੋਧ ਬੁਰਿਆਈ।
ਹਉਮੈਂ ਧੰਧ ਛੋਡਹੁ ਲਪਟਾਈ।

(ਆਦਿ ਗ੍ਰੰਥ, ਪੰਨਾ ,੧੦੨੬)

ਗੁਰੂ ਅਮਰਦਾਸ ਜੀ ਉਸ ਵਿਅਕਤੀ ਨੂੰ ਅਸਲੀ ਬਹਾਦਰ ਤੇ ਸੂਰਮਾ ਗਿਣਦੇ ਹਨ ਜਿਸਨੇ ਆਪਣੇ ਆਪ ਵਿਚੋਂ ਹੰਕਾਰ ਨੂੰ ਖਤਮ ਕਰ ਲਿਆ ਹੈ :

ਨਾਨਕ, ਸੋ ਸੂਰਾ ਵਰਿਆਮੁ ਜਿਨ ਵਿਚਹੁ ਦੁਸਟੁ ਅਹੰਕਰਣੁ ਮਾਰਿਆ।

(ਆਦਿ ਗ੍ਰੰਥ, ਪੰਨਾ ,੮੬)

ਜਿਵੇਂ ਕਿ ਪਹਿਲਾਂ ਦੱਸ ਚੁੱਕੇ ਹਾਂ ਕਿ ਹਠ ਨੂੰ ਗੁਰੂ ਸਾਹਿਬ ਨੇ ਪੰਜ ਵਿਕਾਰਾਂ ਦੇ ਨਾਲ ਹੀ ਸ਼ਾਮਲ ਕੀਤਾ ਹੈ। ਲੋਕ ਗ੍ਰਹਿਸਥ ਤਿਆਗ ਕੇ ਹਠ ਨਾਲ ਆਪਣੀਆਂ ਵਾਸ਼ਨਾਵਾਂ ਨੂੰ ਮਾਰਨ ਦੇ ਰਾਹ ਪੈਂਦੇ ਸਨ। ਇਹ ਵੀ ਉਨਾਂ ਹੀ ਮਾੜਾ ਹੈ ਜਿੰਨਾ ਕਿ ਭੋਗ ਵਾਲਾ ਰਾਹ। ਗੁਰੂ ਸਾਹਿਬ ਸਹਿਜ ਦਾ ਰਾਹ ਦਸੱਦੇ ਹਨ ਕਿ ਗ੍ਰਹਿਸਥ ਦੇ ਵਿੱਚ ਉਦਾਸੀ ਦੀ ਭਾਵਨਾ ਹੋਵੇ। ਇਸ ਨੂੰ ਸਹਿਜ ਜੋਗ ਵੀ ਕਿਹਾ ਗਿਆ ਹੈ। ਗੁਰੂ ਨਾਨਕ ਦੇਵ ਜੀ ਹਠ ਬਾਰੇ ਫੁਰਮਾਉਂਦੇ ਹਨ :

ਹਠੁ ਕਰਿ ਮਰੈ ਨ ਲੇਖੈ ਪਾਵੈ।

(ਆਦਿ ਗ੍ਰੰਥ, ਪੰਨਾ ,੨੨੬)

ਹਠ ਨਾਲ ਜੇ ਕਿਸੇ ਨੇ ਬ੍ਰਹਮਚਰਜ ਧਾਰਨ ਕੀਤਾ ਹੋਵੇ ਤਾਂ ਫਿਰ ਉਸ ਵਿੱਚਹੰਕਾਰ ਜ਼ਰੂਰ ਜਾਗਦਾ ਹੈ। ਇਸ ਬਾਰੇ ਫੁਰਮਾਨ ਹੈ :

ਬ੍ਰਹਮਚਾਰਿ ਬ੍ਰਹਮਚਜੁ ਕੀਨਾ ਹਿਰਦੈ ਭਇਆ ਗੁਮਾਨਾ ।
ਸੰਨਿਆਸੀ ਹੋਇ ਕੈ ਤੀਰਥਿ ਭ੍ਰਮਿਓ ਉਸ ਮਹਿ ਕ੍ਰੋਧੁ ਬਿਗਾਨਾ।

(ਆਦਿ ਗ੍ਰੰਥ, ਪੰਨਾ ,੧੦੦੩)

ਗੁਰੂ ਗੋਬਿੰਦ ਸਿੰਘ ਜੀ ਦੇ ਇਸ ਸ਼ਬਦ ਵਿਚ ਦਰਸਾਏ ਰਾਹ ਤੇ ਚਲਣ ਵਾਲਾ ਸਿੱਖ ਸੰਨਿਆਸੀ ਪਰਮ ਪੁਰਖ ਨੂੰ ਪਰਾਪਤ ਕਰ ਸਕਦਾ ਹੈ:

ਤਬ ਹੀ ਆਤਮ ਤਤ ਕੋ ਦਰਸੈ ਪਰਮ ਪੁਰਖ ਕਹਿ ਪਾਵੈ
ਕਿੰਨਾ ਭਾਵ ਪੂਰਤ ਹੈ ਗੁਰੂ ਗੋਬਿੰਦ ਸਿੰਘ ਜੀ ਦਾ ਇਹ ਰਹਿਤਨਾਮਾ!!

ਮੋਬਾਇਲ : 9814053630

# ਗੁਰਮਤਿ ਸੰਗੀਤ ਰਚਨਾਕਾਰ ਉਸਤਾਦ ਸੁਰਜੀਤ ਸਿੰਘ

ਡਾ. ਗੁਰਨਾਮ ਸਿੰਘ

ਉਸਤਾਦ ਸੁਰਜੀਤ ਸਿੰਘ ਗੁਰਮਤਿ ਸੰਗੀਤ ਦੇ ਟਕਸਾਲੀ ਸ਼ਬਦ ਕੀਰਤਨ ਰਚਨਾਕਾਰ ਹਨ। ਆਪ ਨੇ ਗੁਰਮਤਿ ਸੰਗੀਤ ਦੇ ਖੇਤਰ ਵਿਚ ਅਨੇਕ ਵਿਦਿਆਰਥੀਆਂ ਨੂੰ ਗੁਰਮਤਿ ਸੰਗੀਤ ਦੀ ਤਾਲੀਮ ਦਿਤੀ ਅਤੇ ਨਾਲ ਹੀ ਗੁਰਮਤਿ ਸੰਗੀਤ ਦੀ ਸਿਖਲਾਈ ਪਰੰਪਰਾ ਨੂੰ ਸ਼ਬਦ ਕੀਰਤਨ ਰਚਨਾਵਾਂ ਦੇ ਰੂਪ ਵਿਚ ਸੁਰਲਿਪੀ ਬੱਧ ਸੰਗ੍ਰਿਹਾਂ ਦੇ ਰੂਪ ਵਿਚ ਪ੍ਰਕਾਸ਼ਿਤ ਕਰਵਾਇਆ। ਰਾਗੀ ਸੁਰਜੀਤ ਸਿੰਘ ਨੇ ਗੁਰਮਤਿ ਸੰਗੀਤ ਅਤੇ ਤਬਲੇ ਦੀ ਆਰੰਭਿਕ ਸਿੱਖਿਆ ਸਿੰਘਾਂ ਵਾਲਾ ਟਕਸਾਲ ਤੋਂ ਆਰੰਭ ਕੀਤੀ ਜਿਸਦੀ ਸਥਾਪਨਾ 1882 ਵਿਚ ਭਾਈ ਸੁੰਦਰ ਸਿੰਘ ਤੇ ਭਾਈ ਗੁਰਚਰਨ ਸਿੰਘ ਨੇ ਮੋਗਾ ਕੋਟਕਪੂਰਾ ਦੀ ਮੁਖ ਸੜਕ ਤੇ ਸਥਿਤ ਪਿੰਡ ਸਿੰਘਾਂ ਵਾਲਾ ਵਿਖੇ ਕੀਤੀ ਸੀ। ਉਪਰੰਤ ਆਪ ਨੇ ਸੰਤ ਬਾਬਾ ਅਤਰ ਸਿੰਘ ਜੀ ਵਲੋਂ ਸਥਾਪਿਤ ਕੀਤੀ ਮਸਤੂਆਣਾ ਟਕਸਾਲ ਵਿਖੇ ਰਾਗੀ ਜਸਵੰਤ ਸਿੰਘ ਤੀਬਰ, ਉਸਤਾਦ ਦਲੀਪ ਸਿੰਘ (ਲੁਧਿਆਣਾ) ਅਤੇ ਪੰਡਿਤ ਚਿੰਤਾਮਣੀ ਤੋਂ ਸੰਗੀਤ ਸਿੱਖਿਆ ਪ੍ਰਾਪਤ ਕੀਤੀ। ਟਕਸਾਲ ਭਿੰਡਰਾਂ ਵਿਚ ਰਹਿ ਕੇ ਆਪ ਨੇ ਗਿਆਨੀ ਹਰਨੇਕ ਸਿੰਘ ਤੋਂ ਵੱਖ-ਵੱਖ ਗ੍ਰੰਥਾਂ ਦਾ ਅਧਿਐਨ ਕੀਤਾ। ਆਪ ਨੇ ਵੱਖ-ਵੱਖ ਸਥਾਨਾਂ ਤੇ ਜਾ ਕੇ ਵਿਦਿਆਰਥੀਆ ਨੂੰ ਗੁਰਮਤਿ ਸੰਗੀਤ ਹੀ ਸਿਖਾਇਆ ਅਤੇ ਸਿਖਾ ਰਹੇ ਹਨ ਜਿਨ੍ਹਾਂ ਵਿਚੋਂ ਸੰਤ ਬਾਬਾ ਸੰਤੋਖ ਸਿੰਘ ਗੁਰਦੁਆਰਾ ਨਾਨਕਸਰ ਚੀਮਾਂ ਵਿਖੇ ਬਾਬਾ ਖੇਮ ਸਿੰਘ ਭੁੱਚੋ ਵਾਲਿਆਂ ਕੋਲ ਸੇਵਾ ਕਰਦੇ ਰਹੇ। ਪੰਜ ਸਾਲ ਨਾਨਕ ਸਰ ਕਲੇਰਾਂ ਸੰਤ ਦਰਬਾਰਾ ਸਿੰਘ ਲੋਪੋ ਵਾਲਿਆਂ ਦੇ ਗੁਰਮਤਿ ਸੰਗੀਤ ਵਿਦਿਆਲਾ ਵਿਚ ਘਨੌਰੀ ਸੰਗਰੂਰ ਵਿਖੇ ਗੁਰਮਤਿ ਸੰਗੀਤ ਵਿਦਿਆਲੇ ਵਿਚ ਸੰਤ ਬਾਬਾ ਇਕਬਾਲ ਸਿੰਘ ਬੜੂ ਸਾਹਿਬ ਵਾਲਿਆਂ ਦੀ ਸਰਪ੍ਰਸਤੀ ਹੇਠ ਕੁਝ ਸਮਾਂ ਆਪ ਸੰਤ ਅਤਰ ਸਿੰਘ ਹਰੀ ਸਾਧੂ ਆਸ਼ਰਮ ਗੁਰਦੁਆਰਾ ਬੜੂ ਸਾਹਿਬ ਅਤੇ ਅੱਜ ਕੱਲ੍ਹ ਅਕਾਲ ਗੁਰਮਤਿ ਸੰਗੀਤ ਵਿਦਿਆਲਯ ਗੁਰਦੁਆਰਾ ਜਨਮ ਅਸਥਾਨ ਚੀਮਾ ਸਾਹਿਬ ਵਿਖੇ ਨੌਜਵਾਨ ਵਰਗ ਵਿਦਿਆਰਥੀਆਂ ਨੂੰ ਗੁਰਮਤਿ ਸੰਗੀਤ ਦੀ ਸਿੱਖਿਆ ਦੇ ਰਹੇ ਹਨ।

ਗੁਰਮਤਿ ਸੰਗੀਤ ਦੇ ਖੇਤਰ ਵਿਚ ਰਾਗੀ ਸੁਰਜੀਤ ਸਿੰਘ ਨੇ ਚਾਰ ਪੁਸਤਕਾਂ ਲਿਖੀਆਂ ਹਨ। ਲੇਖਕ ਦੀ ਪਹਿਲੀ ਪੁਸਤਕ 'ਗੁਰਮਤਿ ਸੰਗੀਤ ਪੱਧਤੀ' ਵਿਚ ਗਉੜੀ ਦੇ ਪਰਕਾਰ, ਦੂਜੀ 'ਰਾਗਮਾਲਾ ਰਤਨਾਕਰ' ਤੇ ਤੀਜੀ 'ਦਸਮ ਗੁਰੂ ਗਿਰਾ ਸੰਗੀਤ ਛੰਦ' ਹੈ। ਇਨ੍ਹਾਂ ਪੁਸਤਕਾਂ ਦਾ ਪ੍ਰਕਾਸ਼ਨ ਕਲਗੀਧਰ ਟਰੱਸਟ ਸੰਤ ਅਤਰ ਸਿੰਘ ਹਰੀ ਸਾਧੂ ਆਸ਼ਰਮ ਗੁਰਦੁਆਰਾ ਬੜੂ ਸਾਹਿਬ ਨੇ 1999 ਅਤੇ 2000 ਵਿਚ ਕੀਤਾ। ਆਪ ਨੇ ਆਪਣੀ ਪਹਿਲੀ ਪੁਸਤਕ 'ਗੁਰਮਤਿ ਸੰਗੀਤ ਪੱਧਤੀ ਵਿਚ ਗਉੜੀ ਦੇ ਪਰਕਾਰ' ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗ ਗਉੜੀ ਅਤੇ ਉਸ ਦੇ 11 ਪ੍ਰਕਾਰਾਂ ਵਿਚ 46 ਸ਼ਬਦ ਕੀਰਤਨ ਰਚਨਾਵਾਂ ਨੂੰ ਗਉੜੀ ਅਤੇ ਗਉੜੀ ਦੇ ਪ੍ਰਕਾਰਾਂ ਅਧੀਨ ਕੁੱਲ 13 ਰਾਗਾਂ ਵਿਚ ਸੁਰਲਿਪੀ ਬੱਧ ਕੀਤਾ ਹੈ।

ਗੁਰਮਤਿ ਸੰਗੀਤ ਰਚਨਾਕਾਰ ਉਸਤਾਦ ਸੁਰਜੀਤ ਸਿੰਘ ਦੀ ਦੂਜੀ ਪੁਸਤਕ 'ਰਾਗਮਾਲਾ ਰਤਨਾਕਰ' ਵਿਚ ਕੁੱਲ 30 ਸ਼ਬਦ ਕੀਰਤਨ ਰਚਨਾਵਾਂ ਵਖ-ਵਖ ਪ੍ਰਚਲਿਤ ਤੇ ਅਪ੍ਰਚਲਿਤ ਰਾਗਾਂ ਵਿਚ ਸੁਰਲਿਪੀਬਧ ਹਨ ਜਿਨ੍ਹਾਂ ਵਿਚੋਂ 25 ਸ਼ਬਦ ਕੀਰਤਨ ਰਚਨਾਵਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀਆਂ, ਦੋ ਭਾਈ ਗੁਰਦਾਸ ਦੀਆ ਵਾਰਾਂ ਤੇ ਸ਼ਬਦ ਅਤੇ ਤਿੰਨ ਕਵਿਤਾਵਾਂ ਦੀਆਂ ਰਚਨਾਵਾਂ ਸ਼ਾਮਿਲ ਹਨ। ਇਸ ਪੁਸਤਕ ਵਿਚਲੀ ਹਰੇਕ ਸ਼ਬਦ ਕੀਰਤਨ ਰਚਨਾ ਨੂੰ ਗੁਲਦਸਤਾ ਸ਼ੈਲੀ ਵਿਚ ਨਿਬੱਧ ਕੀਤਾ ਗਿਆ ਹੈ। ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਤਰਗਤ ਦਰਜ 31 ਰਾਗਾਂ ਦੇ ਨਾਮ ਦੀ ਇਕ ਕਵਿਤਾ ਰੁਪੀ ਗੁਲਦਸਤਾ ਅੰਕਿਤ ਕੀਤਾ ਗਿਆ ਹੈ

ਗੁਰਮਤਿ ਸੰਗੀਤ ਦੇ ਪ੍ਰਚਾਰ ਪ੍ਰਸਾਰ ਹਿਤ ਉਸਤਾਦ ਸੁਰਜੀਤ ਸਿੰਘ ਨਿਰੰਤਰ ਕਾਰਜਸ਼ੀਲ ਰਹਿੰਦੇ ਹਨ। ਆਪ ਕੋਲੋਂ ਗੁਰਮਤਿ ਸੰਗੀਤ ਦੀ ਸਿਖਿਆ ਪ੍ਰਾਪਤ ਸੈਂਕੜੇ ਵਿਦਿਆਰਥੀ ਦੇਸ਼ਾਂ ਵਿਦੇਸ਼ਾਂ ਵਿਚ ਗੁਰਮਤਿ ਸੰਗੀਤ ਦੀ ਸੇਵਾ ਨਿਭਾ ਰਹੇ ਹਨ। ਆਪ ਦੀਆਂ ਸ਼ਬਦ ਕੀਰਤਨ ਰਚਨਾਵਾਂ ਪੰਜਾਬੀ ਯੂਨੀਵਰਸਿਟੀ ਵਿਚ ਸਥਾਪਿਤ ਭਾਈ ਰਣਧੀਰ ਸਿੰਘ ਆਨ-ਲਾਈਨ ਗੁਰਮਤਿ ਸੰਗੀਤ ਲਾਇਬਰੇਰੀ ਦੀ ਵੈਬਸਾਈਟ www.gurmatsangeetlibrary.com ਦਾ ਹਿੱਸਾ ਹਨ।

ਗੁਰਮਤਿ ਸੰਗੀਤ ਦੇ ਪ੍ਰਮੁੱਖ ਸ਼ਬਦ ਕੀਰਤਨ ਰਚਨਾਕਾਰਾਂ ਵਿਚ ਸ਼ੁਮਾਰ ਉਸਤਾਦ ਸੁਰਜੀਤ ਸਿੰਘ ਆਪਣੇ ਵਿਸ਼ੇਸ਼ ਸੰਗੀਤ ਦੀ ਨਿਰੰਤਰਤਾ ਕਰਕੇ ਸਮੂਹ ਅਧਿਆਪਕਾਂ ਵਿਸ਼ੇਸ਼ ਕਰਕੇ ਨੇਤਰਹੀਣ ਸਿਖਿਆਰਥੀਆਂ ਲਈ ਇਸ ਪ੍ਰੇਰਨਾ ਸਰੋਤ ਹਨ।

**ਬਾਨੀ ਪ੍ਰੋਫੈਸਰ ਤੇ ਮੁਖੀ**
**ਗੁਰਮਤਿ ਸੰਗੀਤ ਚੇਅਰ, ਗੁਰਮਤਿ ਸੰਗੀਤ ਵਿਭਾਗ**
**ਪੰਜਾਬੀ ਯੂਨੀਵਰਸਿਟੀ, ਪਟਿਆਲਾ**

# ਭਾਈ ਮਨਜੀਤ ਸਿੰਘ ਜੀ ਹਜ਼ੂਰੀ ਰਾਗੀ ਜੋ ਬਹੁਤ ਪਿਆਰਾ ਗੁਰਬਾਣੀ ਕੀਰਤਨ ਕਰਦੇ ਹਨ ਉਹਨਾਂ ਦੀ ਜੀਵਨੀ ਤੇ ਇਕ ਸੰਖੇਪ ਝਾਤ ਮਾਰੀਏ।

ਜ਼ੋਰਾਵਰ ਸਿੰਘ ਤਰਸੀਕਾ

ਭਾਈ ਮਨਜੀਤ ਸਿੰਘ ਗੁਰਮਤਿ ਸੰਗੀਤ ਦੀ ਪਰੰਪਰਾ ਵਿਚ ਇਕ ਵਿਦਵਾਨ ਕੀਰਤਨਕਾਰ ਮੰਨੇ ਜਾਂਦੇ ਹਨ । ਭਾਈ ਸਾਹਿਬ ਦੀ ਪਹਿਚਾਣ ਉਹਨਾਂ ਦੀ ਅਵਾਜ਼ ਦੀ ਸੁਰੀਲਤਾ ਅਤੇ ਉਹਨਾਂ ਦੇ ਖੜਜ ਤੋਂ ਵਿਸ਼ੇਸ਼ ਰੂਪ ਵਿਚ ਪਹਿਚਾਣੀ ਜਾਂਦੀ ਹੈ । ਵਰਤਮਾਨ ਸਮੇਂ ਦੇ ਸਮੁੱਚੇ ਕੀਰਤਨਕਾਰਾਂ ਵਿਚੋਂ ਸ਼ਾਇਦ ਹੀ ਕੋਈ ਅਜਿਹਾ ਗੁਰੂ ਕਾ ਕੀਰਤਨਕਾਰ ਹੋਵੇਗਾ , ਜਿਸ ਕੋਲ ਇੰਨਾ ਭਾਰਾ ਖੜਜ਼ ਹੈ । ਕੇਵਲ ਕੰਠ ਦਾ ਭਾਰਾ ਹੋਣਾ ਜਾਂ ਮੰਦਰ ਸਪਤਕ ਦੀ ਪਹੁੰਚ ਕਰ ਲੈਣੀ ਹੀ ਗਾਇਨ ਦੀ ਵਿਸ਼ੇਸ਼ਤਾ ਨਹੀਂ ਹੁੰਦੀ , ਬਲਕਿ ਅਵਾਜ਼ ਨੂੰ ਮੰਦਰ ਵਿਚ ਸਾਫ਼ ਅਤੇ ਮਿਠਾਸ ਭਰਪੂਰ ਕਰਨਾ ਵੀ ਅਜਿਹੇ ਕੀਰਤਨਕਾਰਾਂ ਦਾ ਗੁਣ ਹੁੰਦਾ ਹੈ , ਜੋ ਮੰਦਰ ਵਿਚ ਗਾਉਣ ਦੇ ਇਛੁੱਕ ਹੁੰਦੇ ਹਨ । ਭਾਈ ਸਾਹਿਬ ਦੀ ਆਪਣੀ ਵੱਖਰੀ ਪਹਿਚਾਣ ਉਹਨਾਂ ਦੇ ਸੁਰੀਲੇ ਕੰਠ ਤੋਂ ਹੀ ਕੀਤੀ ਜਾ ਸਕਦੀ ਹੈ । ਭਾਈ ਮਨਜੀਤ ਸਿੰਘ ਦਰਬਾਰ ਸਾਹਿਬ ਦੇ ਹਜ਼ੂਰੀ ਕੀਰਤਨਕਾਰ ਰਹਿ ਚੁੱਕੇ ਹਨ ਅਤੇ ਤਕਰੀਬਨ ਉਹਨਾਂ ਨੇ ਪਿਛਲੇ 40 ਸਾਲ ਲਗਾਤਾਰ ਦਰਬਾਰ ਸਾਹਿਬ ਵਿਖੇ ਕੀਰਤਨ ਦੀ ਸੇਵਾ ਨਿਭਾਈ ਹੈ ਅਤੇ ਗੁਰਮਤਿ ਸੰਗੀਤ ਦੀ ਵਿਲੱਖਣ ਪਰੰਪਰਾ ਨੂੰ ਧਿਆਨ ਵਿਚ ਰੱਖਦੇ ਹੋਏ ਹੀ ਭਾਈ ਸਾਹਿਬ ਨੇ ਆਪਣੀ ਸ਼ਬਦ ਗਾਇਕੀ ਦੀ ਸ਼ੈਲੀ ਨੂੰ ਇੰਨਾ ਲੰਬਾ ਸਮਾਂ ਇਕ ਸਾਰ ਹੀ ਰੱਖਿਆ । ਉਹਨਾਂ ਦਾ ਗੁਰਮਤਿ ਸੰਗੀਤ ਨੂੰ ਵਡਮੁੱਲਾ ਯੋਗਦਾਨ ਹੈ ਅਤੇ ਨਵੇਂ ਆਉਣ ਵਾਲੇ ਕੀਰਤਨਕਾਰਾਂ ਲਈ ਭਾਈ ਸਾਹਿਬ ਦਾ ਜੀਵਨ ਅਤੇ ਯੋਗਦਾਨ ਇਕ ਪ੍ਰੇਰਨਾ ਸ੍ਰੋਤ ਹੈ ।

ਅਰੰਭਿਕ ਜੀਵਨ ਤੇ ਸੰਗੀਤ ਸਿੱਖਿਆ ਭਾਈ ਮਨਜੀਤ ਸਿੰਘ ਦਾ ਜਨਮ 6 ਜਨਵਰੀ 1954 ਈ . ਨੂੰ ਪਟਿਆਲਾ ਸ਼ਹਿਰ ਦੇ ਗੁਰਦੁਆਰਾ ਦੂਖ ਨਿਵਾਰਨ ਵਿਖੇ ਹੋਇਆ । ਭਾਈ ਸਾਹਿਬ ਦੇ ਪਿਤਾ ਦਾ ਨਾਮ ਭਾਈ ਪਿਆਰਾ ਸਿੰਘ ਜੀ ਅਤੇ ਮਾਤਾ ਦਾ ਨਾਮ ਬੀਬੀ ਹਰਨਾਮ ਕੌਰ ਜੀ ਸੀ । ਭਾਈ ਸਾਹਿਬ ਦੇ ਪਿਤਾ ਜੀ ਭਾਈ ਪਿਆਰਾ ਸਿੰਘ ਜੀ ਗੁਰਦੁਆਰਾ ਦੂਖ ਨਿਵਾਰਨ ਸਾਹਿਬ , ਪਟਿਆਲਾ ਦੇ ਹਜ਼ੂਰੀ ਰਾਗੀ ਸਨ । ਬਾਲ ਉਮਰੇ ਭਾਈ ਮਨਜੀਤ ਸਿੰਘ ਜੀ ਗੁਰਦੁਆਰਾ ਸਾਹਿਬ ਵਿਖੇ ਹੀ ਰਹੇ ਅਤੇ ਸਧਾਰਨ ਬੱਚਿਆਂ ਵਾਂਗ ਹੀ ਖੇਡਾਂ ਖੇਡ ਕੇ ਬਚਪਨ ਬਿਤਾਇਆ , ਪਰੰਤੂ ਇਕ ਨੇਮ ਸੀ ਘਰ ਵਿਚ ਜੋ ਰੋਜ਼ਾਨਾ ਭਾਈ ਸਾਹਿਬ ਦੇ ਜੀਵਨ ਵਿਚ ਨਿਖਾਰ ਲਿਆਂਉਂਦਾ ਗਿਆ । ਭਾਈ ਸਾਹਿਬ ਦੇ ਪਿਤਾ ਦਾ ਰੋਜ਼ ਦਾ ਅਭਿਆਸ ਕਰਨ ਦਾ ਢੰਗ ਅਤੇ ਸੰਗੀਤ ਦੀ ਸਾਧਨਾ ਦਾ ਅਸਰ ਭਾਈ ਸਾਹਿਬ ਦੇ ਜੀਵਨ ਵਿਚ ਪੈਂਦਾ ਗਿਆ । ਭਾਈ ਸਾਹਿਬ ਦੀ ਵਧੇਰੇ ਰੁਚੀ ਹੁਣ ਖੇਡਾਂ ਦੀ ਬਜਾਏ ਸੰਗੀਤ ਦੀਆਂ ਧੁਨਾਂ ਸੁਣਨ ਅਤੇ ਪਿਤਾ ਜੀ ਕੋਲ ਬੈਠਣ ਵੱਲ ਪਰਵਰਤਿਤ ਹੋਣ ਲੱਗੀ ਅਤੇ ਬਚਪਨ ਵਿਚ ਹੀ ਕੀਰਤਨ ਦਾ ਸ਼ੌਕ ਪੈ ਗਿਆ । " ਪਿਤਾ ਜੀ ਅਕਸਰ ਰਿਆਜ਼ ਘਰ ਵਿਚ ਕਰਦੇ ਰਹਿੰਦੇ ਸੀ ਤੇ ਅਸੀਂ ਵੀ ਬੈਠ ਕੇ ਸੁਣਦੇ ਰਹਿੰਦੇ ਸੀ । ਇਸ ਪ੍ਰਕਾਰ ਸੁਣਦੇ ਸੁਣਦੇ ਇਹ ਸ਼ੌਕ ਲੱਗ ਪਿਆ । " ਭਾਈ ਮਨਜੀਤ ਸਿੰਘ ਹੋਰੀਂ ਪੰਜ ਭਰਾ ਹਨ ਇਕ ਭੈਣ ਹੈ । ਗੁਰੂ ਸਾਹਿਬ ਦੀ ਅਸੀਸ ਇਹਨਾਂ ਦੇ ਪਰਿਵਾਰ ਤੇ ਇੰਨੀ ਹੈ ਕਿ ਪੰਜਾਂ ਭਰਾਵਾਂ ਨੂੰ ਹੀ ਗੁਰੂ ਕੇ ਕੀਰਤਨ ਦਾਤ ਪ੍ਰਾਪਤ ਹੈ ਅਤੇ ਇਕ ਬਖਸ਼ਿਸ਼ ਇਹ ਵੀ ਨਾਲ ਹੀ ਹੋਈ ਕਿ ਇਹਨਾਂ ਵਿਚੋਂ ਤਿੰਨ ਭਰਾ ਇਸ ਸਮੇਂ ਆਪਣੇ ਆਪਣੇ ਜਥੇ ਦੇ ਰੂਪ ਵਿਚ ਕੀਰਤਨ ਦੀ ਸੇਵਾ ਨਿਭਾ ਰਹੇ ਹਨ ਅਤੇ ਤਿੰਨੋਂ ਹੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਰਹਿ ਚੁੱਕੇ ਹਨ । ਜਿਸ ਸਮੇਂ ਭਾਈ ਸਾਹਿਬ ਨੇ ਕੀਰਤਨ ਅਰੰਭ ਕੀਤਾ ਸੀ ਤਾਂ ਉਸ ਸਮੇਂ ਇਕ ਜਥੇ ਦੇ ਰੂਪ ਵਿਚ ਭਾਈ ਮਨਜੀਤ ਸਿੰਘ ਆਪਣੇ ਵੱਡੇ ਭਰਾ ਭਾਈ ਜਸਵੰਤ ਸਿੰਘ ਹੋਰਾਂ ਨਾਲ ਸਹਾਇਕ ਰਹੇ ਅਤੇ ਬਾਅਦ ਵਿਚ ਆਪਣੇ ਜਥੇ ਰਾਹੀਂ ਕੀਰਤਨ ਦੀ ਸੇਵਾ ਦਾ ਅਰੰਭ ਕੀਤਾ । ਭਾਈ ਜਸਵੰਤ ਸਿੰਘ ਤੋਂ ਛੋਟੇ ਭਾਈ ਸਤਬੀਰ ਸਿੰਘ , ਭਾਈ ਜਗਦੀਪ ਸਿੰਘ , ਭਾਈ ਜਗਤਾਰ ਸਿੰਘ ਅਤੇ ਪੰਜਵੇਂ ਭਾਈ ਮਨਜੀਤ ਸਿੰਘ ਜੀ ਹਨ । ਭਾਈ ਸਾਹਿਬ ਦੇ ਪਿਤਾ ਭਾਈ ਪਿਆਰਾ ਸਿੰਘ ਬਹੁਤ ਵਿਦਵਾਨ ਪੁਰਸ਼ ਸਨ ਅਤੇ ਸੁਰੀਲੇ ਕੀਰਤਨਕਾਰ ਸਨ ਰਾਗਦਾਰੀ ਅਤੇ ਰੂਹਦਾਰੀ ਕਰਨ ਦੀ ਮੁਹਾਰਤ ਹਾਸਿਲ ਸੀ । ਸੋ ਭਾਈ ਮਨਜੀਤ ਸਿੰਘ ਦੀ ਆਰੰਭਿਕ ਸੰਗੀਤ ਸਿਖਿਆ ਦਾ ਅਰੰਭ ਆਪਣੇ ਪਿਤਾ ਕੋਲੋਂ ਹੀ ਹੋਇਆ । ਭਾਈ ਸਾਹਿਬ ਦੇ ਪਿਤਾ ਉਸ ਸਮੇਂ ਦੇ ਪ੍ਰਸਿੱਧ ਕੀਰਤਨਕਾਰ ਸਨ ਅਤੇ ਵੰਡ ਤੋਂ ਪਹਿਲਾਂ ਪਾਕਿਸਤਾਨ ਵਿਖੇ ਹੀ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਵਿਖੇ ਕੀਰਤਨ ਦੀ ਸੇਵਾ ਕਰਦੇ ਰਹੇ । ਭਾਈ ਪਿਆਰਾ ਸਿੰਘ ਖੁਦ ਇਕ ਵਿਦਵਾਨ ਪੁਰਸ਼ ਸੰਤ ਸੁਜਾਨ ਸਿੰਘ ਜੀ ਤੋਂ ਕੀਰਤਨ ਸਿੱਖੇ ਸਨ , ਪਰੰਤੂ ਉਸ ਤੋਂ ਪਹਿਲਾਂ ਪਾਕਿਸਤਾਨ ਰਹਿੰਦੇ ਹੀ ਉਹਨਾਂ ਨੇ ਕਿਸੇ ਮੁਸਲਮਾਨ ਉਸਤਾਦ ਕੋਲੋਂ ਸੰਗੀਤ ਦੀ ਮੁੱਢਲੀ ਜਾਣਕਾਰੀ ਲਈ ਸੀ । ਸੋ ਭਾਈ ਮਨਜੀਤ ਸਿੰਘ ਜੀ ਨੂੰ ਘਰ ਵਿਖੇ ਹੀ ਸੰਗੀਤ ਅਤੇ ਕੀਰਤਨ ਦੀ ਸੂਝ ਪ੍ਰਦਾਨ ਕਰਨ ਵਾਲੇ ਉਸਤਾਦ ਮਿਲ ਗਏ । ਜਿਹਨਾਂ ਰਾਹੀਂ ਭਾਈ ਸਾਹਿਬ ਨੇ ਬਚਪਨ ਤੋਂ ਨਿਰੰਤਰ ਕੀਰਤਨ ਦੀ ਸਿਖਲਾਈ ਲਈ।ਮੈਂ ਕੀਰਤਨ ਪਿਤਾ ਜੀ ਕੋਲੋਂ ਹੀ ਸਿੱਖਿਆ ਅਤੇ ਹੋਰ

ਕਿਤਿਉਂ ਬਾਹਰੋਂ ਨਹੀਂ ਸਿੱਖਿਆ । ਪਿਤਾ ਜੀ ਦੇ ਕੀਰਤਨ ਦੀ ਸ਼ੈਲੀ ਜ਼ਿਆਦਾ ਪੰਜਾਬੀ ਅੰਗ ਸੀ , ਕਿਉਂਕਿ ਉਹਨਾਂ ਤੋਂ ਪਹਿਲਾਂ ਦੋ – ਤਿੰਨ ਜਥੇ ਮਸ਼ਹੂਰ ਸਨ , ਭਾਈ ਸਮੁੰਦ ਸਿੰਘ ਜੀ , ਭਾਈ ਸੰਤਾ ਸਿੰਘ ਜੀ ਅਤੇ ਸੰਤ ਸੁਜਾਨ ਸਿੰਘ ਜੀ ਉਸ ਸਮੇਂ ਦੇ ਬਹੁਤ ਚੰਗੇ ਕੀਰਤਨੀਏ ਸਨ । ਪਿਤਾ ਜੀ ਦੀ ਗਾਇਕੀ ਵੀ ਇਹਨਾਂ ਦੀ ਤਰ੍ਹਾਂ ਹੀ ਸੀ ਅਤੇ ਪੁਰਾਤਨ ਬੰਦਿਸ਼ਾਂ ਵਿਚ ਹੀ ਉਹਨਾਂ ਦਾ ਗਾਇਨ ਸੀ । ਭਾਈ ਸਾਹਿਬ ਘਰ ਵਿਚ ਕੀਰਤਨ ਦੀ ਸਿਖਲਾਈ ਦੇ ਨਾਲ ਨਾਲ ਆਪਣੇ ਸਕੂਲ ਦੀ ਵਿਦਿਆ ਵੀ ਪੂਰੀ ਕਰਦੇ ਰਹੇ । ਬਾਰਵੀਂ ਜਮਾਤ ਨੂੰ ਪਾਸ ਕਰਨ ਉਪਰੰਤ ਭਾਈ ਸਾਹਿਬ ਦੇ ਪਿਤਾ ਜੀ ਦੀ ਸੇਵਾ ਦਰਬਾਰ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਵਿਖੇ ਅਰੰਭ ਹੋ ਗਈ ਅਤੇ ਕਰੀਬ 1947 ਤੋਂ ਲੈ ਕੇ 1960 ਤੱਕ ਭਾਈ ਪਿਆਰਾ ਸਿੰਘ ਜੀ ਨੇ ਪਟਿਆਲਾ ਰਹਿ ਕੇ ਦੂਖ ਨਿਵਾਰਨ ਸਾਹਿਬ ਕੀਰਤਨ ਕੀਤਾ ਅਤੇ 1960 ਵਿਚ ਅੰਮ੍ਰਿਤਸਰ ਸਾਹਿਬ ਆ ਗਏ ਅਤੇ 1975 ਤੱਕ ਸ੍ਰੀ ਦਰਬਾਰ ਸਾਹਿਬ ਵਿਖੇ ਕੀਰਤਨ ਦੀ ਸੇਵਾ ਨਿਭਾਈ । ਜਿਸ ਸਮੇਂ ਭਾਈ ਸਾਹਿਬ ਦਾ ਪਰਿਵਾਰ ਅੰਮ੍ਰਿਤਸਰ ਵਿਖੇ ਆਇਆ ਤਾਂ ਭਾਈ ਸਾਹਿਬ ਦੇ ਮਨ ਵਿਚ ਕੀਰਤਨ ਕਰਨ ਦੀ ਚਾਹਤ ਸੀ , ਪਰੰਤੂ ਭਾਈ ਸਾਹਿਬ ਦੇ ਪਿਤਾ ਉਹਨਾਂ ਨੂੰ ਪੜ੍ਹਾਉਣਾ ਚਾਹੁੰਦੇ ਸਨ ਅਤੇ ਉਹਨਾਂ ਨੇ ਖਾਲਸਾ ਕਾਲਜ ਵਿਚ ਆਪਣਾ ਦਾਖਲਾ ਕਰਵਾਇਆ । ਬੀ.ਏ. ਭਾਗ ਦੂਜਾ ਕਰਨ ਉਪਰੰਤ ਭਾਈ ਸਾਹਿਬ ਕੀਰਤਨ ਦੇ ਖੇਤਰ ਵਿਚ ਆ ਗਏ ਅਤੇ ਅੱਗੇ ਨਾ ਪੜ੍ਹਨ ਦੀ ਇੱਛਾ ਜਤਾਈ । ਭਾਈ ਸਾਹਿਬ ਦਾ ਪੂਰਾ ਧਿਆਨ ਹੁਣ ਕੀਰਤਨ ਵੱਲ ਆ ਚੁੱਕਾ ਸੀ ਅਤੇ ਪਿਤਾ ਜੀ ਦੇ ਨਾਲ ਨਾਲ ਕੀਰਤਨ ਕਰਨਾ ਅਰੰਭ ਕਰ ਦਿੱਤਾ । ਭਾਈ ਮਨਜੀਤ ਸਿੰਘ ਦੱਸਦੇ ਹਨ ਕਿ ਉਹਨਾਂ ਦੇ ਪਿਤਾ ਜੀ ਉਹਨਾਂ ਨੂੰ ਕੋਲ ਬਿਠਾ ਕੇ ਸੰਗੀਤ ਦੀ ਸਾਧਨਾ ਕਰਵਾਉਂਦੇ ਸਨ । ਇਸ ਉਮਰ ਵਿਚ ਉਹਨਾਂ ਨੂੰ ਸੰਗੀਤ ਦਾ ਕਾਫੀ ਗਿਆਨ ਆਪਣੇ ਪਿਤਾ ਦੀ ਗਾਇਕੀ ਤੋਂ ਹੀ ਪ੍ਰਾਪਤ ਹੋ ਰਿਹਾ ਸੀ । " ਮੈਂ ਪਿਤਾ ਜੀ ਦੇ ਨਾਲ ਹੀ ਬੈਠਦਾ ਸੀ ਅਤੇ ਜਦੋਂ ਉਹ ਗਾਉਂਦੇ ਸਨ ਤਾਂ ਮੈਨੂੰ ਵੀ ਰਿਆਜ਼ ਕਰਵਾਉਂਦੇ ਸਨ । ਉਹ ਆਪ ਦਿਲਰੁਬਾ ਵਜਾਉਣ ਲਗ ਪੈਂਦੇ ਅਤੇ ਮੈਨੂੰ ਕਦੇ ਕਦੇ ਤਾਨਪੁਰੇ ਤੇ ਬਿਠਾ ਦਿੰਦੇ । ਫਿਰ ਮੈਂ ਉਹਨਾਂ ਕੋਲੋਂ ਬਕਾਇਦਾ ਸਿੱਖਦਾ ਰਿਹਾ । ਉਸ ਸਮੇਂ ਬਾਹਰ ਜਾਣ ਦੀ ਵੀ ਲੋੜ ਨਹੀਂ ਸੀ , ਕਿਉਂਕਿ ਆਪਣੇ ਸਮੇਂ ਦੇ ਪ੍ਰਸਿੱਧ ਜਥੇ ਸਨ ਅਤੇ ਉਹਨਾਂ ਤੋਂ ਵੀ ਸਿੱਖਣਾ ਕੋਈ ਆਸਾਨ ਕੰਮ ਨਹੀਂ ਸੀ , ਉਹ ਤਿੰਨ ਸਪਤਕਾਂ ਤੱਕ ਗਾ ਲੈਂਦੇ ਸਨ । ਉਹਨਾਂ ਦੀ ਬਖਸ਼ਿਸ਼ ਕਰਕੇ ਹੀ ਤੁਹਾਡੀ ਸੇਵਾ ਕਰ ਰਹੇ ਹਾਂ । ਭਾਈ ਪਿਆਰਾ ਸਿੰਘ ਦੀ ਪ੍ਰਸਿੱਧੀ ਵੀ ਆਪਣੇ ਸਮੇਂ ਵਿਚ ਕੇਵਲ ਕੀਰਤਨ ਦਰਬਾਰਾਂ ਜਾਂ ਰਾਗ ਦਰਬਾਰਾਂ ਤੱਕ ਨਹੀਂ ਸੀ , ਸਗੋਂ ਉੱਚ ਕੋਟੀ ਦੇ ਰੇਡੀਉ ਕਲਾਕਾਰਾਂ ਵਿਚ ਵੀ ਉਹਨਾਂ ਦਾ ਨਾਮ ਗਿਣਿਆ ਜਾਂਦਾ ਹੈ ।

ਭਾਈ ਸਾਹਿਬ ਦੇ ਪਿਤਾ ਜੀ ਵੀ ਆਪਣੇ ਸਮੇਂ ਦੇ ਪ੍ਰਸਿੱਧ ਕੀਰਤਨਕਾਰ ਰਹੇ , ਇਸ ਦਾ ਹਵਾਲਾ ਵੀ ਭਾਈ ਸਾਹਿਬ ਦਿੰਦੇ ਹਨ ਕਿ ਉਹਨਾਂ ਦੇ ਪਿਤਾ ਜੀ ਨੂੰ ਲਾਹੌਰ ਰੇਡੀਉ ਸਟੇਸ਼ਨ ਤੋਂ ਚੁਣੇ ਹੋਏ ਕੀਰਤਨੀਆਂ ਦੀ ਸੂਚੀ ਵਿਚ ਰੱਖਿਆ ਗਿਆ ਸੀ । ਜਿਸ ਬਾਰੇ ਭਾਈ ਮਨਜੀਤ ਸਿੰਘ ਦੱਸਦੇ ਹਨ ਕਿ ਉਹਨਾਂ ਨੂੰ " ਲਾਹੌਰ ਸਟੂਡੀਉ ਵਿਚ ਜਾਣ ਦਾ ਵੀ ਮੌਕਾ ਮਿਲਿਆ ਸੀ , ਕਿਉਂਕਿ ਮੇਰੇ ਪਿਤਾ ਜੀ ਉੱਥੇ ਪਹਿਲਾਂ ਤੋਂ ਹੀ ਅਪਰੂਵਡ ਆਰਟਿਸਟ ਸਨ ਅਤੇ ਲਗਭਗ ਪੂਰੇ ਪੰਜਾਹ ਸਾਲ ਬਾਅਦ ਜਦੋਂ ਮੈਂ ਪਾਕਿਸਤਾਨ ਗਿਆ ਤਾਂ ਮੈਨੂੰ ਲਾਹੌਰ ਸਟੂਡੀਉ ਲੈ ਗਏ ਅਤੇ ਕਿਹਾ ਕਿ ਇੱਥੇ ਕੀਰਤਨ ਕਰੋ ਅਤੇ ਮੈਨੂੰ ਉੱਥੇ ਵੀ ਕੀਰਤਨ ਕਰਨ ਦਾ ਮੌਕਾ ਮਿਲਿਆ । " ਪੰਜਾਂ ਭਾਰਵਾਂ ਨੂੰ ਕੀਰਤਨ ਦੀ ਸਿਖਿਆ ਭਾਈ ਪਿਆਰਾ ਸਿੰਘ ਜੀ ਨੇ ਦਿੱਤੀ ਅਤੇ ਭਾਈ ਪਿਆਰਾ ਸਿੰਘ ਦਾ ਨਾਮ ਉਸ ਸਮੇਂ ਕਾਫੀ ਪ੍ਰਸਿੱਧ ਸੀ ਅਤੇ ਉਹਨਾਂ ਦੀ ਗਾਇਕੀ ਵੀ ਪੁਰਾਤਨ ਕੀਰਤਨਕਾਰਾਂ ਦੀ ਤਰ੍ਹਾਂ ਹੀ ਸੀ । ਗੁਰੂ ਨਾਨਕ ਸਾਹਿਬ ਦੇ 500 ਸਾਲਾ ਪ੍ਰਕਾਸ਼ ਗੁਰਪੁਰਬ ਨੂੰ ਜਿਸ ਸਮੇਂ ਮਨਾਇਆ ਗਿਆ ਤਾਂ ਉਸ ਸਮੇਂ ਭਾਈ ਪਿਆਰਾ ਸਿੰਘ ਜੀ ਦੇ ਸ਼ਬਦ ਵੀ ਮੁਹਰਲੇ ਕੀਰਤਨਕਾਰਾਂ ਨਾਲ ਰਿਕਾਰਡ ਹੋਏ । ਆਪਣੇ ਪਿਤਾ ਜੀ ਦੀ ਕੀਰਤਨ ਸ਼ੈਲੀ ਅਤੇ ਉਹਨਾਂ ਦੀ ਪ੍ਰਭਿ ਬਾਰੇ ਭਾਈ ਮਨਜੀਤ ਸਿੰਘ ਦੱਸਦੇ ਹਨ ਕਿ " ਮੇਰੇ ਪਿਤਾ ਜੀ ਰਾਗਾਂ ਵਿਚ ਹੀ ਸ਼ਬਦ ਗਾਇਨ ਕਰਦੇ ਸਨ ਅਤੇ ਮੈਨੂੰ ਵੀ ਰਾਗਾਂ ਵਿਚ ਹੀ ਸ਼ੁਰੂ ਕਰਵਾਇਆ । 50 ਸਾਲਾਂ ਵਿਚ ਜਦੋਂ ਉਹਨਾਂ ਨੇ ਸਭ ਤੋਂ ਪਹਿਲਾਂ ਸ਼ਬਦ ਰਿਕਾਰਡ ਕੀਤੇ ਸਨ ਉਸ ਵਿਚ ਪਿਤਾ ਜੀ ਨੂੰ ਤਾਂ ਹੀ ਸ਼ਾਮਿਲ ਕੀਤਾ ਗਿਆ ਸੀ ਕਿਉਂਕਿ ਉਹਿਨਾਂ ਦਾ ਰਾਗਾਂ ਵਿਚ ਸ਼ਬਦ ਗਾਇਨ ਕਰਨ ਦਾ ਅਭਿਆਸ ਸੀ । ਰਾਗ ਦੇ ਨਾਲ ਨਾਲ ਜੋ ਸੰਗੀਤ ਦੀ ਮਿਠਾਸ ਹੈ ਅਤੇ ਸ਼ਬਦ ਦੀ ਪ੍ਰਧਾਨਤਾ ਹੈ , ਉਸ ਨੂੰ ਬਹੁਤ ਮੁੱਖ ਰੱਖਦੇ ਸਨ । ਕੀਰਤਨ ਦੀ ਅਰੰਭਤਾ ਭਾਈ ਮਨਜੀਤ ਸਿੰਘ ਜੀ ਨੇ ਕੀਰਤਨ ਬਚਪਨ ਵਿਚ ਹੀ ਆਪਣੇ ਪਿਤਾ ਜੀ ਨਾਲ ਕਰਨਾ ਅਰੰਭ ਕਰ ਦਿੱਤਾ ਸੀ , ਪਰੰਤੂ ਇਕ ਜਥੇ ਦੇ ਰੂਪ ਵਿਚ ਕਾਫੀ ਸਮਾਂ ਬਾਅਦ ਭਾਈ ਸਾਹਿਬ ਆਏ । ਭਾਈ ਪਿਆਰਾ ਸਿੰਘ ਜੀ ਨੇ 1975 ਤੱਕ ਦਰਬਾਰ ਸਾਹਿਬ ਵਿਖੇ ਕੀਰਤਨ ਦੀ ਸੇਵਾ ਕੀਤੀ ਅਤੇ ਇਸ ਦੌਰਾਨ ਹੀ ਉਹਨਾਂ ਨੇ ਆਪਣੇ ਵੱਡੇ ਪੁੱਤਰ ਭਾਈ ਜਸਵੰਤ ਸਿੰਘ ਨੂੰ ਜਥੇ ਦੇ ਰੂਪ ਵਿਚ ਤਿਆਰ ਕਰ ਛੱਡਿਆ ਸੀ । ਭਾਈ ਮਨਜੀਤ ਸਿੰਘ ਨੇ ਭਾਈ ਜਸਵੰਤ ਸਿੰਘ ਹੋਰਾਂ ਨਾਲ ਸਭ ਤੋਂ ਪਹਿਲਾਂ ਸਹਾਇਕ ਦੇ ਰੂਪ ਵਿਚ ਕੀਰਤਨ ਅਰੰਭ ਕੀਤਾ ਅਤੇ ਨਾਲ – ਨਾਲ ਪਿਤਾ ਜੀ ਤੋਂ ਕੀਰਤਨ ਵੀ ਸਿੱਖਦੇ ਰਹੇ । ਇਸ ਤੋਂ ਬਾਅਦ ਭਾਈ ਜਸਵੰਤ ਸਿੰਘ ਜੀ ਨੇ ਆਪਣਾ ਜਥਾ ਬਣਾ ਲਿਆ ਅਤੇ ਭਾਈ ਮਨਜੀਤ ਸਿੰਘ ਨੇ ਆਪਣੇ ਜਥੇ ਦੇ ਰੂਪ ਵਿਚ ਦਰਬਾਰ ਸਾਹਿਬ ਕੀਰਤਨ ਕਰਨਾ ਸ਼ੁਰੂ ਕਰ ਦਿੱਤਾ । 1976 ਵਿਚ ਭਾਈ ਮਨਜੀਤ ਸਿੰਘ ਅਤੇ ਇਹਨਾਂ ਦੇ ਵੱਡੇ ਭਰਾ ਭਾਈ

ਜਸਵੰਤ ਸਿੰਘ ਜੀ ਨੇ ਹਜ਼ੂਰੀ ਰਾਗੀ ਵੱਜੋਂ ਸੇਵਾ ਸੰਭਾਲ ਲਈ , ਜੋ ਸੇਵਾ ਇਹਨਾਂ ਦੇ ਪਿਤਾ ਜੀ ਨੇ ਦਰਬਾਰ ਸਾਹਿਬ ਵਿਖੇ 1960 ਈ , ਵਿਚ ਅਰੰਭ ਕੀਤੀ ਸੀ , ਉਸ ਨੂੰ ਭਾਈ ਮਨਜੀਤ ਸਿੰਘ ਅਤੇ ਇਹਨਾਂ ਦਾ ਸਮੁੱਚਾ ਪਰਿਵਾਰ ਹੁਣ ਤੱਕ ਵੀ ਪੂਰੀ ਤਨਦੇਹੀ ਨਾਲ ਨਿਭਾ ਰਿਹਾ ਹੈ ਅਤੇ ਇਸ ਲੜੀ ਨੂੰ ਭਾਈ ਸਾਹਿਬ ਦੇ ਛੋਟੇ ਭਰਾ ਵੀ ਵਰਤਮਾਨ ਸਮੇਂ ਵਿਚ ਹਜ਼ੂਰੀ ਜਥੇ ਵੱਜੋਂ ਸੇਵਾ ਨਿਭਾ ਰਹੇ ਹਨ ।

ਗੁਰਮਤਿ ਸੰਗੀਤ ਦੇ ਪ੍ਰਚਾਰ ਤੇ ਪਾਸਾਰ ਲਈ ਯਤਨ ਭਾਈ ਮਨਜੀਤ ਸਿੰਘ ਜੀ ਨੇ 1976 ਤੋਂ ਲੈ ਕੇ 2014 ਤੱਕ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਰਹਿ ਕੇ ਸੇਵਾ ਨਿਭਾਈ ਅਤੇ ਤਕਰੀਬਨ 40 ਸਾਲ ਗੁਰੂ ਕੀ ਸੰਗਤ ਵਿਚ ਸ਼ਬਦ ਦਾ ਪ੍ਰਵਾਹ ਚਲਾਇਆ । ਗੁਰੂ ਦਰਬਾਰ ਦੀ ਨਿਰਧਾਰਿਤ ਪਰੰਪਰਾ ਅਨੁਸਾਰ ਹੀ ਭਾਈ ਸਾਹਿਬ ਨੇ ਹੁਣ ਤੱਕ ਕੀਰਤਨ ਕੀਤਾ ਅਤੇ ਕੀਰਤਨ ਨਾਲ ਭਾਈ ਸਾਹਿਬ ਦਾ ਅਜਿਹਾ ਪ੍ਰੇਮ ਰਿਹਾ ਕਿ ਉਹ ਵਰਤਮਾਨ ਸਮੇਂ ਵਿਚ ਵੀ ਸੇਵਾ – ਮੁਕਤੀ ਤੋਂ ਬਾਅਦ ਵੀ ਦਰਬਾਰ ਸਾਹਿਬ ਵਿਚ ਕੀਰਤਨ ਕਰ ਰਹੇ ਹਨ ਅਤੇ ਕੀਰਤਨ ਕਰਨ ਅਤੇ ਇਸ ਨੂੰ ਹੋਰ ਵਧੇਰੇ ਸਿੱਖਣ ਦੀ ਚਾਹਤ ਮੰਨ ਵਿਚ ਰੱਖਦੇ ਹਨ । ਮੈਨੂੰ ਹਰਿਮੰਦਰ ਸਾਹਿਬ ਵਿਖੇ 40 ਸਾਲ ਕੀਰਤਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ ਅਤੇ 2014 ਵਿਚ ਆ ਕੇ ਮੈਂ ਰਿਟਾਇਰਮੈਂਟ ਲਈ ਹੈ । ਇੰਨਾ ਸਮਾਂ ਕੀਰਤਨ ਕਰਦਾ ਆ ਰਿਹਾ ਹਾਂ ਪਰੰਤੂ ਮੇਰੇ ਮਨ ਵਿਚ ਇਹ ਚਾਹਤ ਹਮੇਸ਼ਾ ਬਣੀ ਰਹਿੰਦੀ ਹੈ ਕਿ ਮੈਂ ਅਜੇ ਕੀਰਤਨ ਕਰਨ ਜੋਗਾ ਨਹੀਂ ਹੋਇਆ ਅਤੇ ਹੋਰ ਸਿਖਣਾ ਚਾਹ ਰਿਹਾ ਹਾਂ । 40 ਸਾਲ ਦੀ ਸੇਵਾ ਦੌਰਾਨ ਭਾਈ ਮਨਜੀਤ ਸਿੰਘ ਨੇ ਦਰਬਾਰ ਸਾਹਿਬ ਵਿਖੇ ਕੀਰਤਨ ਦੀਆਂ ਸਾਰੀਆਂ ਚੌਕੀਆਂ ਦੀ ਹਾਜ਼ਰੀ ਭਰੀ ਹੈ ਅਤੇ ਸਮੇਂ ਅਨੁਸਾਰ ਰਾਗਾਂ ਦੇ ਗਾਇਨ ਹਰੇਕ ਚੌਂਕੀ ਵਿਚ ਭਾਈ ਸਾਹਿਬ ਕਰਦੇ ਆ ਰਹੇ ਹਨ । ਵੱਖ – ਵੱਖ ਕੀਰਤਨ ਦਰਬਾਰਾਂ , ਰਾਗ ਦਰਬਾਰਾਂ ਅਤੇ ਸੰਗੀਤ ਸੰਮੇਲਨਾਂ ਵਿਚ ਗੁਰਬਾਣੀ ਦਾ ਗਾਇਨ ਕੀਰਤਨ ਰੂਪ ਵਿਚ ਕੀਤਾ ਹੈ । ਦਰਬਾਰ ਸਾਹਿਬ ਵਿਖੇ ਭਾਈ ਸਾਹਿਬ ਜਿਸ ਸਮੇਂ ਆਸਾ ਦੀ ਵਾਰ ਦਾ ਗਾਇਨ ਕਈ ਵਾਰੀਂ ਖੜਜ਼ ਦੇ ਸਵਰਾਂ ਤੇ ਕਰਦੇ ਹਨ , ਜਿਸ ਰਾਹੀਂ ਸੰਗਤਾਂ ਇਸ ਚਹਿ – ਚਹਾਉਂਦੇ ਅੰਮ੍ਰਿਤ ਵੇਲੇ ਕੋਮਲਤਾ ਭਰਪੂਰ ਸਵਰਾਂ ਵਿਚ ਵਿਸਮਾਦ ਹੋ ਜਾਂਦੇ ਪ੍ਰਤੀਤ ਹੁੰਦੇ ਹਨ । ਆਪਣੇ ਨਿਮਰ ਸੁਭਾਅ ਦੇ ਅਨੁਕੂਲ ਹੀ ਗੁਰੂ ਨੂੰ ਪੂਰੀ ਸ਼ਰਧਾ ਭਾਵ ਨਾਲ ਆਪਣੇ ਅੰਦਰ ਮਾਣਦੇ ਹੋਏ ਭਾਈ ਸਾਹਿਬ ਕੀਰਤਨ ਕਰਦੇ ਹਨ । ਭਾਈ ਸਾਹਿਬ ਅਨੁਸਾਰ ਕੀਰਤਨ ਕਰਨਾ ਕੇਵਲ ਅਭਿਆਸ ਜਾਂ ਰਿਆਜ਼ ਤੱਕ ਹੀ ਸੀਮਿਤ ਨਹੀਂ , ਇਸ ਵਿਚ ਸ਼ਰਧਾ ਤੇ ਭਾਵਨਾ ਦੇ ਗੁਣਾਂ ਦਾ ਜੀਵਨ ਵਿਚ ਹੋਣਾ ਅਤੀ ਲਾਜ਼ਮੀ ਹੈ । ਅਜਿਹੇ ਗੁਣਾਂ ਦੇ ਧਾਰਨੀ ਨੂੰ ਗੁਰੂ ਦੀ ਅਥਾਹ ਬਖਸ਼ਸ਼ਿ ਪ੍ਰਾਪਤ ਹੁੰਦੀ ਹੈ ਅਤੇ ਸੰਸਾਰ ਵਿਚ ਰਹਿੰਦਿਆਂ ਕਦੇ ਵੀ ਕੋਈ ਤੋਟ ਨਹੀਂ ਆਉਂਦੀ । " ਇਹ ਬਹੁਤ ਹੀ ਮਿਹਨਤ ਵਾਲਾਂ ਅਤੇ ਸ਼ਰਧਾ ਭਾਵਨਾ ਵਾਲਾ ਕੰਮ ਹੈ । ਇਸ ਤੋਂ ਉੱਚੀ ਸੇਵਾ ਵੀ ਹੋਰ ਕੋਈ ਨਹੀਂ ਅਤੇ ਗੁਰੂ ਮਹਾਰਾਜ ਇਸ ਵਿਚ ਕਸਰ ਵੀ ਕੋਈ ਨਹੀਂ ਛੱਡਦੇ ਅਤੇ ਇਸ ਸੰਸਾਰ ਵਿਚ ਅਤੇ ਅੱਗੇ ਜਾ ਕੇ ਵੀ ਸਹਾਈ ਹੁੰਦੇ ਹਨ । ਸਾਡੇ ਵਰਗੇ ਨਾਚੀਜ਼ ਬੰਦਿਆਂ ਤੇ ਵੀ ਸਤਿਗੁਰ ਦੀ ਬਖਸ਼ਸ਼ਿ ਹੋਈ ਕਿ ਆਪਣਾ ਹੱਥ ਸਿਰ ਤੇ ਰੱਖ ਕੇ ਹਰਿਮੰਦਰ ਸਾਹਿਬ ਕੀਰਤਨ ਕਰਵਾਇਆ । ਅੱਜ ਵੀ ਜਿੱਥੇ ਜਾ ਕੇ ਕੀਰਤਨ ਕਰਦੇ ਹਾਂ ਤਾਂ ਜਦੋਂ ਸੰਗਤ ਸਾਨੂੰ ਦੇਖਦੀ ਹੈ ਕਿ ਧੰਨ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦੇ ਦਰਬਾਰ ਵਿਚੋਂ ਆਏ ਹਨ ਤੇ ਸਾਨੂੰ ਦਰਬਾਰ ਸਾਹਿਬ ਦੀ ਯਾਦ ਆ ਗਈ ਤਾਂ ਇਹ ਬਹੁਤ ਵੱਡਾ ਯੋਗਦਾਨ ਸਾਡੇ ਵਾਸਤੇ ਬਣ ਜਾਂਦਾ ਹੈ ਕਿ ਸਾਡੇ ਵਰਗੇ ਨਾਚੀਜ਼ ਬੰਦਿਆਂ ਤੋਂ ਗੁਰੂ ਰਾਮਦਾਸ ਜੀ ਨੇ ਇਤਨੀ ਉੱਚੀ ਸੇਵਾ ਅਤੇ ਸਾਡਾ ਮਾਨ ਤੇ ਸਤਿਕਾਰ ਕੀਤਾ ਹੈ । ਜਿਹੜੇ ਵੀ ਸਿਖ ਕੀਰਤਨ ਸ਼ੁਰੂ ਕਰਨ ਉਹ ਮਹਾਰਾਜ ਜੀ ਦਾ ਨਾਮ ਲੈ ਕੇ ਆਪਣਾ ਰਿਆਜ਼ ਜਾਰੀ ਰੱਖਣ ਅਤੇ ਗੁਰਬਾਣੀ ਨਾਲ ਪਿਆਰ ਕਰਦੇ ਕਰਦੇ ਇਸ ਦੀ ਸਿਖਲਾਈ ਲੈਣ , ਕਿਉਂਕਿ ਇਹ ਇਕ ਦਿਨ ਦਾ ਕੰਮ ਨਹੀਂ । ਕੀਰਤਨ ਕਰਦੇ ਕਰਦੇ ਇਕ ਦਿਨ ਐਸਾ ਆਉਂਦਾ ਹੈ ਕਿ ਸ਼ਬਦ ਰਸਨਾ ਤੇ ਵਸ ਜਾਂਦਾ ਹੈ ਅਤੇ ਜਿਹੜੀ ਗੱਲ ਦਿਲ ਤੋਂ ਨਿਕਲਦੀ ਹੈ , ਉਹ ਸੰਗਤ ਤੇ ਵੀ ਅਸਰ ਕਰਦੀ ਹੈ । ਗੁਰੂ ਸਾਹਿਬ ਬਾਕੀ ਕਸਰ ਨਹੀਂ ਛੱਡਦੇ ਅਤੇ ਸਾਰੀਆਂ ਇੱਛਾ ਦੀ ਪੂਰਤੀ ਹੁੰਦੀ ਹੈ । ਇਸ ਨੂੰ ਇਕੱਲਾ ਮਾਇਆ ਕਮਾਉਣ ਦਾ ਸਾਧਨ ਨਾ ਸਮਝਣ , ਗੁਰੂ ਦੀਆਂ ਖੁਸ਼ੀਆਂ ਵੀ ਲੈਣੀਆ ਹਨ । ਸੋ ਇਸ ਪ੍ਰਕਾਰ ਇਹ ਬੜੇ ਪਿਆਰ ਨਾਲ ਕਰਨ ਵਾਲਾ ਕੰਮ ਹੈ ।

ਭਾਈ ਸਾਹਿਬ ਨੂੰ ਗੁਰਮਤਿ ਸੰਗੀਤ ਦੇ ਕੀਤੇ ਪ੍ਰਚਾਰ ਅਤੇ ਪਾਸਾਰ ਲਈ ਬਹੁਤ ਸਾਰੀਆਂ ਸੰਸਥਾਵਾਂ ਅਤੇ ਪ੍ਰਬੰਧਕ ਕਮੇਟੀਆਂ ਵੱਲੋਂ ਸਨਮਾਨਿਤ ਕੀਤਾ ਜਾ ਚੁੱਕਾ ਹੈ । ਜਿਸ ਵਿਚ ਜਵੱਦੀ ਟਕਸਾਲ ਵੱਲੋਂ 2011 ਨੂੰ ਭਾਈ ਸਾਹਿਬ ਨੂੰ ਗੁਰਮਤਿ ਸੰਗੀਤ ਦਾ ਵਿਸ਼ੇਸ਼ ਸਨਮਾਨ ਦੇ ਕੇ ਸਨਮਾਨਿਤ ਕੀਤਾ ਗਿਆ ਹੈ । ਅਤੇ ਸੰਗਤ ਵੱਲੋਂ ਬਹੁਤ ਸਾਰੀਆਂ ਅਸੀਸਾਂ ਦੀ ਬਖਸ਼ਸ਼ਿ ਭਾਈ ਸਾਹਿਬ ਅਤੇ ਇਹਨਾਂ ਦੇ ਸਮੁੱਚੇ ਪਰਿਵਾਰ ਤੇ ਹੋ ਰਹੀ ਹੈ । ਗੁਰੂ ਰਹਿਮਤ ਸਦਕਾ ਭਾਈ ਸਾਹਿਬ ਇਸ ਤਰ੍ਹਾਂ ਹੀ ਗੁਰੂ ਦਰਬਾਰ ਵਿਚ ਆਪਣੇ ਕੀਰਤਨ ਦੀ ਖੁਸ਼ਬੂ ਸੰਗਤ ਤੱਕ ਪਹੁੰਚਾਉਂਦੇ ਰਹਿਣ । ਭਾਈ ਸਾਹਿਬ ਦਾ ਜੀਵਨ ਅਤੇ ਉਸ ਨਾਲ ਸੰਬੰਧਿਤ ਹਰੇਕ ਪਹਿਲੂ ਨਵੀਂ ਪੀੜੀ ਲਈ ਪ੍ਰੇਰਨਾ ਸਰੋਤ ਹੈ ।

**ਮੋਬਾਇਲ : 71502068851**

# ਤਾਲ ਅਤੇ ਰਸ

ਡਾ. ਜਬਰਜੰਗ ਸਿੰਘ

**ਤਾਲ ਦੀ ਉਤਪਤੀ :**

ਤਾਲ ਦੀ ਅਧਾਰਸ਼ਿਲਾ ਲੈਅ ਹੈ ਜੋ ਸੰਪੂਰਣ ਬ੍ਰਹਿਮੰਡ ਵਿਚ ਵਿਦਮਾਨ ਹੈ। ਲੈਅ ਤੋਂ ਹੀ ਤਾਲ ਦੀ ਉਤਪਤੀ ਹੁੰਦੀ ਹੈ ਕਿਉਂਕਿ ਲੈਅ ਹੀ ਤਾਲ ਦੀ ਜਨਮ ਦਾਤਾ ਹੈ। ਤਾਲ ਦੀ ਉਤਪਤੀ ਬਾਰੇ ਸੰਗੀਤ ਵਿਦਵਾਨਾਂ ਦੇ ਭਿੰਨ-ਭਿੰਨ ਮੱਤ ਹਨ। ਮਹਾਨ ਕੋਸ਼ ਅਨੁਸਾਰ ਤਾਲੀ ਦੀ ਧੁਨ ਨੂੰ ਤਾਲ ਕਿਹਾ ਜਾਂਦਾ ਹੈ। ਗੁਰਮਤਿ ਸੰਗੀਤ ਅਨੁਸਾਰ ਸੰਗੀਤ ਪੇਸ਼ਕਾਰੀ ਲਈ ਪ੍ਰਯੋਗ ਹੋ ਰਹੇ ਸਮੇਂ ਦੀ ਮਾਪ ਇਕਾਈ ਤਾਲ ਹੈ। ਸੰਗੀਤ ਸ਼ਾਸਤਰ ਗ੍ਰੰਥ ਅਨੁਸਾਰ ਭਗਵਾਨ ਸ਼ਿਵ ਦੇ ਤਾਂਡਵ ਨ੍ਰਿਤ ਤੋਂ 'ਤਾ' ਅਤੇ ਪਾਰਵਤੀ ਦੇ ਲਾਸਯ ਨ੍ਰਿਤ ਤੋਂ 'ਲ' ਸ਼ਬਦ ਲੈ ਕੇ ਤਾਲ ਸ਼ਬਦ ਦੀ ਉਤਪਤੀ ਹੋਈ।

ਜੇਕਰ ਪ੍ਰਾਕਿਰਤੀ ਦੇ ਵਿਧੀ ਵਿਧਾਨ ਵਲ ਝਾਤ ਮਾਰੀਏ ਤਾਂ ਸਾਨੂੰ ਕੁਦਰਤੀ ਕ੍ਰਿਸ਼ਮੇਂ ਵਿਚੋਂ 'ਲੈਅ' ਦਾ ਆਭਾਸ ਮਹਿਸੂਸ ਹੋਵੇਗਾ ਕਿਉਂਕਿ ਕੁਦਰਤ ਦੀ ਹਰੇਕ ਰਚਨਾ ਇਕ ਨਿਸ਼ਚਿਤ ਲੈਅ ਵਿਚ ਹੀ ਵਿਚਰ ਰਹੀ ਹੈ ਜਿਵੇਂ ਦਿਨ-ਰਾਤ, ਹਵਾ ਦਾ ਵੇਗ, ਪਾਣੀ ਦਾ ਬਹਾਅ ਆਦਿ ਇਕ ਸਮਾਨ ਗਤੀ ਵਿਚ ਵਿਚਰਦੇ ਹਨ। ਕੁਦਰਤੀ ਕ੍ਰਿਸ਼ਮੇ ਦੀ ਇਸ ਸਮਾਨ ਗਤੀ/ਚਾਲ ਨੂੰ ਅਸੀਂ ਲੈਅ ਆਖ ਸਕਦੇ ਹਾਂ। ਇਸ ਤੱਥ ਤੋਂ ਸੰਪੂਰਣ ਸੰਗੀਤ ਜਗਤ ਜਾਣੂੰ ਹੈ ਕਿ ਮਨੁੱਖ ਨੇ ਸਵਰ ਤੋਂ ਪਹਿਲਾਂ ਲੈਅ ਨੂੰ ਹੀ ਸਮਝਿਆ ਸੀ। ਪ੍ਰਤੱਖ ਤੋਰ ਤੇ ਲੈਅ ਦਾ ਅਨੁਭਵ ਸਾਨੂੰ ਆਪਣੇ ਦਿਲ ਦੀ ਧੜਕਣ ਤੋਂ ਹੁੰਦਾ ਹੈ ਕਿਉਂਕਿ ਜੋ ਇਹ ਧੜਕਣ ਇਕ ਸਮਾਨ ਗਤੀ ਵਿਚ ਚਲਦੀ ਰਹਿੰਦੀ ਹੈ, ਇਸ ਨੂੰ ਵੀ ਅਸੀ ਲੈਅ ਆਖ ਸਕਦੇ ਹਾਂ। ਲੈਅ ਨੂੰ ਹੀ ਮਾਤਰਾਵਾਂ ਵਿੱਚ ਵੰਡ ਕੇ ਉਸ ਦੇ ਬਰਾਬਰ ਦੇ ਹਿੱਸੇ ਜਾਂ ਛੋਟੇ ਵੱਡੇ ਹਿੱਸੇ ਕਰਕੇ ਭਿੰਨ-ਭਿੰਨ ਤਾਲਾਂ ਦੀ ਰਚਨਾ ਕੀਤੀ ਜਾਂਦੀ ਹੈ। ਸੰਗੀਤ ਵਿਦਵਾਨਾਂ ਦੇ ਮੱਤ ਅਨੁਸਾਰ ਤਾਲ ਸੰਗੀਤ ਦੀ ਜਾਨ ਅਤੇ ਪ੍ਰਾਣ ਹੈ। ਸੰਗੀਤ ਵਿਚਲੇ ਗਾਇਨ-ਵਾਦਨ-ਨ੍ਰਿਤ ਦੀ ਸ਼ੋਭਾ ਲੈਅ ਤਾਲ ਹੀ ਹੁੰਦੇ ਹਨ। ਤਾਲ ਦੇ ਅਨੇਕਾਂ ਭੇਦ ਹੁੰਦੇ ਹਨ, ਜਿਸਦਾ ਜਿਕਰ ਅੱਗੇ ਜਾ ਕਰਾਂਗੇ। ਸਾਹਿਤ ਅਤੇ ਸੰਗੀਤ ਵਿਚ ਇਹ ਦੋਵੇਂ ਲਲਿਤ ਕਲਾਵਾਂ ਹਨ ਜੋ ਨਾਦ ਦੁਆਰਾ ਮਨੁੱਖੀ ਮਨ ਵਿੱਚ ਬੇਸ਼ੁਮਾਰ ਭਾਵਾਂ ਨੂੰ ਉਜਾਗਰ ਕਰਕੇ 'ਰਸ' ਦੀ ਸਿਰਜਨਾ ਕਰਦੇ ਹਨ ਅਤੇ ਇਹ ਦੋਵੇਂ ਕਲਾਵਾਂ ਰਸ ਪ੍ਰਧਾਨ ਹਨ ਜੋ ਰਸ ਅਧੀਨ 'ਲੈਅ' ਉੱਤੇ ਅਧਾਰਿਤ ਹਨ।

ਵੱਖ-ਵੱਖ ਰਸ ਨੂੰ ਮਾਨਣਾ ਮਨੁੱਖ ਦੇ ਸੁਭਾਅ ਵਿਚ ਸ਼ਾਮਿਲ ਹੈ ਜਿਵੇਂ ਆਪਣੀਆਂ ਅੱਖਾਂ ਨਾਲ ਚੰਗਾ ਦ੍ਰਿਸ਼ ਵੇਖਣਾ, ਨੱਕ ਦੁਆਰਾ ਸੁਗੰਧ ਦਾ ਰਸ ਲੈਣਾ, ਕੰਨਾਂ ਦੁਆਰਾ ਸ਼ੁਭ ਬਚਨ ਅਤੇ ਰਾਗ-ਨਾਦ-ਸੰਗੀਤ ਸੁਣਨਾ, ਜੀਭ ਦੁਆਰਾ ਖੱਟਾ-ਮਿੱਠਾ-ਲੂਣਾ-ਕੌੜਾ ਕੁਸੈਲਾ-ਫਿੱਕਾ ਆਦਿ ਵੱਖ-ਵੱਖ ਰਸਾਂ ਨੂੰ ਮਾਣਨਾ ਮਨੁੱਖੀ ਮਨ ਦੀ ਪ੍ਰਸੰਨਤਾ ਅਤੇ ਕ੍ਰਿਆ ਹੈ। ਸ਼ਾਸਤਰਾਂ ਵਿੱਚ 9 ਪ੍ਰਕਾਰ ਦੇ ਰਸ ਦਰਸਾਏ ਗਏ ਹਨ ਜੋ ਨਿਮਨ ਅਨੁਸਾਰ ਹਨ:
–

| | | |
|---|---|---|
| 1. ਸ਼ਿਗਾਰ ਰਸ | 2.ਹਾਸਯ ਰਸ | 3.ਕਰੁਣ ਰਸ |
| 4. ਵੀਰ ਰਸ | 5.ਰੋਦਰ ਰਸ | 6.ਵਿਭਤਸ ਰਸ |
| 7. ਭਿਆਨਕ ਰਸ | 8.ਅਦਭੂਤ ਰਸ | 9.ਸ਼ਾਂਤ ਰਸ |

ਜਿਸ ਤਰ੍ਹਾਂ ਸੰਗੀਤਕ ਸੁਰਾਂ ਵਿੱਚ ਰਸ ਉਤਪੰਨ ਕਰਨ ਦੀ ਸਮਰਥਾ ਹੈ ਉਸੇ ਤਰ੍ਹਾਂ ਤਾਲ ਦੇ ਵਾਦਨ ਵਿੱਚ ਵੀ ਸਿਰਜਨ ਦੀ ਸ਼ਕਤੀ ਹੈ। ਤਬਦੇ ਦੇ ਮੁੱਖ ਦਸ (10) ਵਰਣ (ਅੱਖਰ) ਵਿਦਵਾਨਾਂ ਨੇ ਮੰਨੇ ਹਨ ਜਿਵੇਂ ਧ, ਗ, ਦ, ਤ, ਰ, ਕ, ਟ, ਨ, ਘ, ੜ ਜਾਂ ਨਾ, ਤਿੰ, ਕ, ਤ, ਤੇ, ਟੇ, ਕੇ, ਗੇ, ਧਾ ਅਤੇ ਧਿੰ। ਇਨ੍ਹਾਂ ਬੋਲਾਂ ਦੇ ਅਧਾਰ 'ਤੇ ਅਨੇਕਾਂ ਤਾਲਾਂ ਦੀ ਸਿਰਜਨਾ ਹੋ ਜਾਂਦੀ ਹੈ ਜੋ ਤਾਲ ਵਿਚ ਰਸ ਪੈਦਾ ਕਰਨ ਦੀ ਸਮਰਥਾ ਸਿਰਜਦੀ ਹੈ।

**ਤਾਲ ਵਾਦਨ ਦੁਆਰਾ ਰਸ ਦਾ ਸੰਚਾਰ :**

ਕਦੀ ਕਦੀ ਸੰਗੀਤ ਵਿਚ ਕੋਈ ਸ਼ਾਬਦਿਕ ਰਚਨਾ ਨਾ ਹੁੰਦੇ ਹੋਏ ਕੇਵਰ ਸੁਰਾਂ ਦੇ ਅੰਤਰਾਲ ਅਤੇ ਲੈਅਬੱਧ ਰਚਨਾ ਹੀ ਮਨ ਨੂੰ ਅਨੰਦਿਤ ਕਰ ਦਿੰਦੀ ਹੈ। ਉਸ ਵਿਚ ਰਸ ਅਤੇ ਭਾਵ ਦੋਵੇਂ ਮੌਜੂਦ ਹੁੰਦੇ ਹਨ। ਪੱਛਮੀ ਸੰਗੀਤ ਵਿੱਚ ਇਕ ਵਿਸ਼ੇਸ਼ ਪ੍ਰਕਾਰ ਦਾ ਸੰਗੀਤ ਪ੍ਰਚੱਲਿਤ ਹੈ ਜਿਸ ਨੂੰ ਰਾਕ ਐਂਡ ਰੋਲ ਕਿਹਾ ਜਾਂਦਾ ਹੈ। ਇਹ ਇਕ ਅਧਿਕ ਲੈਅ ਪ੍ਰਦਾਨ ਸਵਰ ਰਚਨਾ ਹੈ ਜਿਸ ਨੂੰ ਸੁਣਦਿਆਂ ਹੀ ਲਗਭਗ ਹਰੇਕ ਵਿਅਕਤੀ ਨੱਚਣ ਲੱਗ ਪੈਂਦਾ ਹੈ। ਰਾਕ ਐਂਡ ਰੋਲ ਦੀ ਭਾਂਤੀ ਸਾਡੇ ਦੇਸ਼ ਦੇ ਲੋਕ ਸੰਗੀਤ (ਵਿਸ਼ੇਸ਼ ਤੌਰ ਤੇ ਪੰਜਾਬ ਦਾ ਢੋਲ ਵਾਦਨ) ਵਿਚ ਵੀ ਅਨੇਕ ਰਚਨਾਵਾਂ ਮੌਜੂਦ ਹਨ ਜੋ ਮਨੁੱਖੀ ਮਨ ਵਿਚ ਰਸ ਦੀ ਛਹਿਬਰ ਲਾਉਂਦੀਆਂ ਹਨ।

ਸਹਿਤ ਵਿਚਲੇ ਨੌਂ ਰਸਾਂ ਦਾ ਜ਼ਿਕਰ ਕਰ ਆਏ ਹਾਂ ਕਿ ਇਹ ਰਸ ਮਨੁੱਖ ਦੀ ਮਨੋਬਿਰਤੀ ਵਿਚ ਪ੍ਰਵੇਸ਼ ਕਰਦੇ ਰਹਿੰਦੇ ਹਨ। ਇਨ੍ਹਾਂ ਰਸਾਂ ਦਾ ਪ੍ਰਭਾਵ ਤਾਲ ਵਾਦਨ ਵਿਚ ਵੀ ਪ੍ਰਤੱਖ ਹੁੰਦਾ ਹੈ। ਕਰੁਣਾ ਰਸ ਅਤੇ ਸ਼ਾਤ ਰਸ ਦੇ ਪ੍ਰਭਾਵ ਅਧੀਨ ਗਾਇਨ ਵਾਦਨ ਵਿਲੰਭਿਤ ਲੈਅ ਵਿਚ, ਸ਼ਿੰਗਾਰ ਰਸ ਅਤੇ ਹਾਸਯ ਰਸ ਅਧੀਨ ਦਰੁਤ ਲੈਅ ਵਿਚ ਕੀਤਾ ਜਾਂਦਾ ਹੈ। ਇਸ ਦੇ ਅੰਤਰਗਤ ਰਸਭਾਵ ਦੇ ਪ੍ਰਗਟਾਵ ਲਈ ਅਤੀ ਵਿਲੰਬਿਤ, ਅਤੀ ਦਰੁਤ ਅਤੇ ਹੋਰ ਲੈਅਕਾਰੀਆਂ ਵਿੱਚ ਕੀਤਾ ਜਾਂਦਾ ਹੈ। ਵਿਲੰਬਿਤਾ ਲੈਅ ਗੰਭੀਰਤਾ ਦੀ ਸੂਚਕ ਹੁੰਦੀ ਹੈ। ਮਨੁੱਖੀ ਜੀਵਨ ਵਿਚ ਨਿਰਾਸ਼ਤਾ ਜਾਂ ਉਦਾਸੀ ਦੇ ਸਮੇਂ ਸਾਡੇ ਸਰੀਰਕ ਅੰਗਾਂ ਵਿਚ ਸਫੂਰਤੀ ਨਾ ਰਹਿੰਦੇ ਹੋਏ ਸੰਪੂਰਣ ਕ੍ਰਿਆਵਾਂ ਵਿਚ ਸਿਥਲਤਾ ਜਾਂ ਵਿਲੰਬਿਤ ਲੈਅ ਦਾ ਪ੍ਰਵੇਸ਼ ਹੋ ਜਾਂਦਾ ਹੈ। ਇਹੀ ਕਾਰਣ ਹੈ ਕਿ ਵਿਸ਼ਮ ਗਤੀ ਦੀਆਂ ਤਾਲਾਂ ਜਿਵੇਂ ਦੀਪਚੰਦੀ, ਝੱਪਤਾਲ, ਰੂਪਕ ਤਾਲ ਆਦਿ ਕਰੁਣਾ ਅਤੇ ਸ਼ੋਕ ਦੇ ਭਾਵਾਂ ਨੂੰ ਵਿਅਕਤ ਕਰਨ ਵਿਚ ਸਹਾਇਕ ਹੁੰਦੀਆਂ ਹਨ। ਸ਼ਿੰਗਾਰ ਰਸ ਦੇ ਗੀਤਾਂ ਵਿਚ ਹਿਰਦੇ ਦੀ ਵਿਆਕੁਲਤਾ/ਚੰਚਲਤਾ ਨੂੰ ਇਹਨਾਂ ਤਾਲਾਂ ਦੁਆਰਾ ਪ੍ਰਗਟ ਕੀਤਾ ਜਾਂਦਾ ਹੈ ਜਿਵੇਂ ਕਹਿਰਵਾ, ਤੀਨਤਾਲ ਅਦਿ ਸ਼ਾਤ ਭਾਵ ਦਾ ਪ੍ਰਗਟਾਵਾ ਕਰਦੀਆਂ ਹਨ। ਈਸ਼ਵਰ ਉਪਾਸਨਾ ਭਜਨ ਅਤੇ ਸੰਕੀਰਤਨ ਆਦਿ ਇਹਨਾਂ ਤਾਲਾਂ ਵਿੱਚ ਨਿਬੱਧ ਕੀਤੇ ਜਾਂਦੇ ਹਨ ਅਤੇ ਪ੍ਰਸਤੁਤ ਵੀ ਕੀਤੇ ਜਾਂਦੇ ਹਨ। ਦਰੁਤ ਲੈਅ ਚੰਚਲਤਾ, ਚਪਲਤਾ, ਕ੍ਰੋਧ, ਡਰ ਆਦਿ ਨੂੰ ਪ੍ਰਗਟ ਕਰਨ ਵਿਚ ਸਹਾਈ ਹੁੰਦੀਆਂ ਹਨ। ਜਿਵੇਂ ਸ਼ਿੰਗਾਰ ਰਸ ਦੀ ਭਾਵਨਾ ਵਿਚ ਸਾਡੇ ਅੰਗਾਂ ਵਿਚ ਸਫੂਰਤੀ, ਚੰਚਲਤਾ ਅਤੇ ਉਤਸੁਕਤ ਦਾ ਸੰਚਾਰ ਹੋ ਜਾਂਦਾ ਹੈ। ਇਨ੍ਹਾਂ ਭਾਵਾਂ ਦੀ ਉਤਸੁਕਤਾ ਦੇ ਲਈ ਤੀਨਤਾਲ, ਕਹਿਰਵਾ, ਦਾਦਰਾ ਆਦਿ ਤਾਲਾਂ ਨੂੰ ਦਰੁੱਤ ਗਤੀ ਵਿਚ ਪ੍ਰਯੋਗ ਕੀਤਾ ਜਾਂਦਾ ਹੈ। ਇਸ ਪ੍ਰਕਾਰ ਲੈਅ ਦੇ ਇਹ ਵਿਭਿੰਨ ਰੂਪ ਤਾਲਾਂ ਦੇ ਵਿਸ਼ਿਸ਼ਟ ਸੰਭਾਵ ਨਾਲ ਪ੍ਰਗਟ ਹੋ ਕੇ ਵਿਭਿੰਨ ਭਾਵਾਂ ਨੂੰ ਪ੍ਰਗਟ ਕਰਕੇ ਰਸ ਸੰਚਾਰ ਵਿਚ ਸਹਾਇਕ ਸਿੱਧ ਹੁੰਦੇ ਹਨ।

ਸੰਗੀਤ ਮਹਿਫਿਲਾਂ ਵਿਚ ਅਕਸਰ ਹੀ ਵੇਖਿਆ ਜਾਂਦਾ ਹੈ ਕਿ ਜਦੋਂ ਗਾਇਕ ਜਾਂ ਵਾਦਕ ਆਪਣਾ ਪ੍ਰਸਤੁਤੀਕਰਣ ਰਾਗਾਲਾਪ, ਜੋੜ ਅਲਾਪ, ਝਾਲਾ ਅਤੇ ਤਾਨਾਂ ਅਦਿ ਅਨਿਬੱਧ ਰੂਪ ਵਿਚ ਭਾਵ ਬਿਨਾਂ ਲੈਅ-ਤਾਲ ਦੇ ਪ੍ਰਸਤੁਤ ਕਰਦਾ ਹੈ ਤਾਂ ਸ਼ਰੋਤੇ ਮੋਨ ਹੋ ਕੇ ਅਚੇਤ ਰੂਪ ਵਿਚ ਸੁਣਦੇ ਰਹਿੰਦੇ ਹਨ। ਜਿਵੇਂ ਹੀ ਤਾਲ ਵਾਦ ਦੀ ਥਾਪ ਦੇ ਨਾਲ ਗਾਇਨ/ਵਾਦਨ ਨਿਸ਼ਚਿਤ ਲੈਅ ਵਿਚ ਪ੍ਰਾਰੰਭ ਹੁੰਦਾ ਹੈ ਤਾਂ ਸ਼ਰੋਤਾ ਰਸ ਪਾਨ ਲਈ ਸਜੱਗ ਹੋ ਜਾਂਦਾ ਹੈ। ਲੈਅ ਦੁਆਰਾ ਹੀ ਸੰਗੀਤ ਵਿਚ ਵਿਭਿੰਨ ਰਸਯੁਕਤ ਚਲਨ ਸ਼ੈਲੀਆਂ ਦਾ ਨਿਰਮਾਣ ਹੁੰਦਾ ਹੈ ਅਤੇ ਗਤ ਭੇਦ ਦੁਆਰਾ ਵੱਖ-ਵੱਖ ਰਸਾਂ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ। ਲੈਅ ਹੀ ਸੰਗੀਤ ਨੂੰ ਤਾਲ ਦੇ ਮਾਧਿਅਮ ਵਿਚ ਸਥਾਈ, ਸੁੰਦਰ, ਉਪਯੋਗੀ, ਰਸਪੂਰਣ ਅਤੇ ਮਨੋਰੰਜਕ ਬਣਾ ਦਿੰਦੀ ਹੈ। ਲੈਅ ਦੀ ਸ਼ਾਤ ਰਸ ਪ੍ਰਧਾਨ ਸ਼ੈਲੀ, ਸ਼ਿੰਗਾਰ ਰਸ ਪ੍ਰਧਾਨ ਸ਼ੈਲੀ, ਵੀਰ ਰਸ ਅਤੇ ਰੋਦਰ ਰਸ ਪ੍ਰਧਾਨ ਸ਼ੈਲੀ ਗੀਤ ਦੇ ਸ਼ਬਦਾਂ ਦੇ ਰਸ ਭਾਵ ਨੂੰ ਸਪਸ਼ਟ ਕਰ ਦਿੰਦੀ ਹੈ। ਗਾਇਨ ਵਾਦਨ ਅਤੇ ਨਰਿੱਤ ਤਾਲ ਦੀ ਸੰਗਤ ਤੋਂ ਬਿਨਾਂ ਕਦੀ ਵੀ ਪ੍ਰਭਾਵਸ਼ਾਲੀ ਨਹੀਂ ਹੁੰਦੇ।

ਜਦੋਂ ਕੋਈ ਤਬਲਾ ਵਾਦਕ ਕਿਸੇ ਵੀ ਗਾਇਕ/ਵਾਦਕ ਦੇ ਨਾਲ ਸੰਗਤ ਕਰਦਾ ਹੈ ਤਾਂ ਪਹਿਲਾਂ ਉਹ ਅਧਾਰ ਸੁਰ ਨਾਲ ਆਪਣੇ ਤਾਲ ਸਾਜ ਤਬਲੇ ਨੂੰ ਮਿਲਾਉਂਦਾ ਹੈ। ਇਸ ਪ੍ਰਕਾਰ ਗਾਇਕ ਜਾਂ ਵਾਦਕ ਦੇ

ਅਧਾਰ ਸਵਰ ਨਾਲ ਤਬਲਾ ਆਦਿ ਦਾ ਸਵਰ ਮਿਲ ਜਾਣ ਨਾਲ ਗਾਇਨ ਵਾਦਨ ਵਿਚ ਇਕ ਵਿਸ਼ੇਸ਼ ਆਕਰਸ਼ਣ ਪੈਦਾ ਹੁੰਦਾ ਹੈ ਅਤੇ ਰਸ ਦੀ ਉਤਪਤੀ ਹੁੰਦੀ ਹੈ।

ਵੱਖ-ਵੱਖ ਗਾਇਨ ਸ਼ੈਲੀਆਂ ਦੀ ਪ੍ਰਾਕਿਰਤੀ ਦੇ ਅਨੁਰੂਪ ਵਿਚ ਵਿਭਿੰਨ ਗੁਣ ਅਤੇ ਭਿੰਨ-ਭਿੰਨ ਧੁਨੀਆਂ ਦੀ ਉਤਪਤੀ ਕਰਨ ਵਾਲੇ ਤਾਲ ਸਾਜਾਂ ਦੀ ਜਰੂਰਤ ਅਨੁਭਵ ਕੀਤੀ ਗਈ। ਜਿਵੇਂ ਬੀਰ ਰਸ ਪ੍ਰਧਾਨ ਗਾਇਕੀ ਦੀ ਸੰਗਤ ਨਾਲ ਉੱਚੀ ਅਤੇ ਗੰਭੀਰ ਧਵਨੀ ਵਾਲੇ ਲੈਅ-ਤਾਲ ਵਾਦਯਾਂ ਦੀ, ਸ਼ਿਗਾਰ ਰਸ ਪ੍ਰਧਾਨ ਗਾਇਕੀ ਦੀ ਸੰਗਤ ਨਾਲ ਚੰਚਲ ਅਤੇ ਮਧੁਰ ਧਵਨੀਯੁਕਤ ਲੈਅ-ਤਾਲ ਵਾਦਯਾਂ ਦੀ, ਸ਼ਾਤ ਅਤੇ ਭਗਤੀ ਰਸ ਦੀ ਉਤਪਤੀ ਲਈ ਸ਼ਾਤਵਿਕ ਭਾਵ ਨਾਲ ਪਰੀਪੂਰਣ ਅਤੇ ਮਧੁਰ ਧਵਨੀ ਵਾਲੇ ਤਾਲ ਵਾਦਯਾਂ ਦੀ ਅਤੇ ਕਾਲ ਕ੍ਰਮਾਨੁਸਾਰ ਅਵੱਸ਼ਕਤਾਨਰੂਪ ਵਿਭਿੰਨ ਗੁਣ-ਧਰਮ ਵਾਲੇ ਵਾਦਯਾਂ ਦਾ ਨਿਰਮਾਣ ਹੁੰਦਾ ਰਿਹਾ। ਜਦੋਂ ਗਾਇਨ/ਵਾਦਨ ਦੇ ਨਾਲ ਤਬਲਾ ਜਾਂ ਮਰਦੰਗ ਦੀ ਸੰਗਤ ਕੀਤੀ ਜਾਂਦੀ ਹੈ ਅਤੇ ਬੰਦਿਸ਼ ਜਾਂ ਗੀਤ ਆਦਿ ਦਾ ਸਮ ਤਾਲ ਦੇ ਸਮ ਨਾਲ ਮਿਲਦਾ ਹੈ ਅਤੇ ਜਦੋਂ ਗਾਇਕ/ਵਾਦਕ ਲੈਅਕਾਰੀਆਂ ਦਾ ਪ੍ਰਦਰਸ਼ਨ ਕਰਦੇ ਹੋਏ ਸਮ ਤੇ ਆ ਕੇ ਮਿਲਦੇ ਹਨ ਤਾਂ ਕਲਾਕਾਰ ਅਤੇ ਸ਼ਰੋਤੇ ਦੋਵੇਂ ਹੀ ਅਦਭੁੱਤ ਅਨੰਦ ਦੀ ਪ੍ਰਾਪਤੀ ਮਾਣਦੇ ਹਨ।

ਜਦੋਂ ਸਹਿਜ ਸ਼ਬਦਾਂ ਵਿਚ ਭਗਵਤ ਗੁਣਗਾਨ ਕਰਤਾਲ ਧਵਨੀ ਅਤੇ ਤਾਲ-ਵਾਦਯਾਂ ਦੀ ਮਿਲਤ ਦੁਆਰਾ ਕੀਤਾ ਜਾਂਦਾ ਹੈ ਜਾਂ ਗੁਰਬਾਣੀ ਕੀਰਤਨ ਹੋ ਰਿਹਾ ਹੁੰਦਾ ਹੈ ਤਾਂ ਮਨ ਨੂੰ ਅਗਮ ਅਨੰਦ ਦੀ ਪ੍ਰਾਪਤੀ ਹੁੰਦੀ ਹੈ। ਗੁਰਮਤਿ ਸੰਗੀਤ ਵਿਚ ਤਾਲ ਦਾ ਸਥਾਨ ਸਹਿਜ ਮੰਨਿਆ ਜਾਂਦਾ ਹੈ। ਤਾਲ ਦੀ ਸਹਿਜ ਵਾਦਨ ਸ਼ੈਲੀ ਵਿਚ ਹੀ ਗੁਰਬਾਣੀ ਸ਼ਬਦ ਕੀਰਤਨ ਦਾ ਭਾਵ ਹਿਰਦੇ ਵਿਚ ਭਗਤੀ ਰਸ ਦੀ ਭਾਵਨਾ ਉਜਾਗਰ ਕਰਦਾ ਹੈ। ਇਸ ਸੰਗੀਤ ਵਿਚ ਤਾਲ ਨੂੰ ਕਿਤੇ ਕਿਤੇ ਕਾਲਤਮਿਕਤਾ ਨਾਲ ਵੀ ਪ੍ਰਸਤੁਤ ਕੀਤਾ ਜਾਂਦਾ ਹੈ। ਵਰਨਣਯੋਗ ਹੈ ਕਿ ਗੁਰਮਤਿ ਸੰਗੀਤ ਦੀ ਪੜਤਾਲ ਗਾਇਨ ਸ਼ੈਲੀ ਵਿਲੱਖਣ ਤੇ ਅਦੁੱਤੀ ਹੈ। ਪੜਤਾਲ ਸ਼ੈਲੀ ਵਿਚ ਭਿੰਨ-ਭਿੰਨ ਤਾਲਾਂ ਨੂੰ ਅਲੋਕਿਕ ਤਰੀਕੇ ਨਾਲ ਵਜਾਇਆ ਜਾਂਦਾ ਹੈ। ਇਸ ਵਜੰਤਰ ਵਿਚ ਵੱਖ ਕਿਸਮ ਦਾ ਤਾਲ ਰਸ ਮਾਣਨ ਨੂੰ ਮਿਲਦਾ ਹੈ। ਇਸੇ ਕ੍ਰਮ ਵਿਚ ਦੰਦਬੀ, ਨਗਾੜਾ ਆਦਿ ਤਾਲ ਸਾਜ਼ਾ ਦੀ ਗੰਭੀਰ ਧਵਨੀ ਵੀਰ ਰਸ ਉਤਪਨ ਕਰਦੀ ਹੈ।

## ਸਹਾਇਕ ਪੁਸਤਕ ਸੂਚੀ :


(1) ਗੁਰਮਤਿ ਸੰਗੀਤ ਪਰ ਹੁਣ ਤੱਕ ਮਿਲੀ ਖੋਜ (ਭਾਗ ਦੂਜਾ) - ਗੁਰਮਤਿ ਸੰਗੀਤ ਰਤਨ ਭੰਡਾਰ ਕ੍ਰਿਤ ਪ੍ਰੇਮ ਸਿੰਘ ਰਾਗੀ (ਭਾਈ),ਪ੍ਰਕਾਸ਼ਕ : ਚੀਫ਼ ਖ਼ਾਲਸਾ ਦੀਵਾਨ, ਸ੍ਰੀ ਅੰਮ੍ਰਿਤਸਰ ਜੀ। ਸੰਨ 1958

(2) ਗੁਰਨਾਮ ਸਿੰਘ (ਡਾ.) ਗੁਰਮਤਿ ਸੰਗੀਤ : ਪਰਬੰਧ ਤੇ ਪਾਸਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਸੰਨ 2000

(3) ਤਾਰਾ ਸਿੰਘ (ਪ੍ਰੋਫੈਸਰ) ਗੁਰੂ ਅਮਰਦਾਸ ਰਾਗ ਰਤਨਾਵਲੀ, ਲੋਕ ਸੰਪਰਕ ਵਿਭਾਗ,ਪੰਜਾਬ, ਚੰਡੀਗੜ੍ਹ। ਸੰਨ 1979



**ਮੋਬਾਇਲ : 98158 98904**

# ਉੱਘੇ ਲੇਖਕ ਸ. ਬਲਬੀਰ ਸਿੰਘ ਕੰਵਲ ਨਾਲ ਗੁਰਮਤਿ ਸੰਗੀਤ ਚੇਅਰ ਵੱਲੋਂ ਆਨਲਾਈਨ ਵਾਰਤਾਲਾਪ ਦੀ ਰਿਪੋਰਟ (ਮਿਤੀ: 26.02.2021)

ਡਾ. ਅਲੰਕਾਰ ਸਿੰਘ

ਗੁਰਮਤਿ ਸੰਗੀਤ ਚੇਅਰ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਪੰਜਾਬ ਦੇ ਵਿਰਾਸਤੀ ਸੰਗੀਤ ਨੂੰ ਸਮਰਪਿਤ ਵਾਰਤਾਲਾਪ ਲੜੀ ਦੇ ਅੰਤਰਗਤ ਲੰਡਨ ਵੱਸਦੇ ਸ. ਬਲਬੀਰ ਸਿੰਘ ਕੰਵਲ ਨਾਲ ਪਹਿਲਾ ਆਨਲਾਈਨ ਵਾਰਤਾਲਾਪ ਰਚਾਇਆ ਗਿਆ। ਪੰਜਾਬ ਦੇ ਵਿਰਾਸਤੀ ਸੰਗੀਤ ਉਤੇ ਅਨੇਕ ਪੁਸਤਕਾਂ ਦੇ ਰਚਨਾਕਾਰ ਅਤੇ ਖੋਜੀ ਕੰਵਲ ਹੁਰਾਂ ਨਾਲ ਵਾਰਤਾਲਾਪ ਯੂਨੀਵਰਸਿਟੀ ਦੇ ਸੰਗੀਤ ਵਿਭਾਗ ਦੇ ਪ੍ਰੋਫ਼ੈਸਰ ਅਤੇ ਸ਼ਾਸਤਰੀ ਗਾਇਕਾ ਡਾ. ਨਿਵੇਦਿਤਾ ਸਿੰਘ ਕੀਤਾ ਗਿਆ, ਜਿਨ੍ਹਾਂ ਨੇ ਬਲਬੀਰ ਸਿੰਘ ਕੰਵਲ ਦੀਆਂ ਕੁਝ ਪੁਸਤਕਾਂ ਦੀ ਸੁਧਾਈ ਦਾ ਕਾਰਜ ਵੀ ਕੀਤਾ ਹੈ। ਆਰੰਭ ਵਿੱਚ ਗੁਰਮਤਿ ਸੰਗੀਤ ਚੇਅਰ ਦੇ ਇੰਚਾਰਜ ਡਾ. ਅਲੰਕਾਰ ਸਿੰਘ ਵਲੋਂ ਸਭ ਦਾ ਸੁਆਗਤ ਕਰਦੇ ਹੋਏ ਚੇਅਰ ਦੀ ਸਥਾਪਨਾ ਦੇ ਉਦੇਸ਼ ਅਤੇ ਚਲ ਰਹੇ ਪ੍ਰੋਜੈਕਟਾਂ ਉਤੇ ਚਾਨ੍ਹਣਾ ਪਾਇਆ ਗਿਆ। ਡਾ. ਨਿਵੇਦਿਤਾ ਸਿੰਘ ਵਲੋਂ ਬਲਬੀਰ ਸਿੰਘ ਕੰਵਲ ਦੇ ਜੀਵਨ ਅਤੇ ਯੋਗਦਾਨ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਪੰਜਾਬ ਦੇ ਸੰਗੀਤ ਉਤੇ ਖੋਜ ਪੂਰਨ ਲਿਖਤਾਂ ਪ੍ਰਦਾਨ ਕਰਨ ਦੇ ਨਾਲ-ਨਾਲ ਭਲਵਾਨੀ ਅਤੇ ਪੰਜਾਬ ਦੀ ਮਾਂ ਖੇਡ ਕਬੱਡੀ ਉੱਤੇ ਵੀ ਅਨੇਕ ਪੁਸਤਕਾਂ ਦੀ ਰਚਨਾ ਕੀਤੀ ਹੈ।

ਪੰਜਾਬ ਦੇ ਪ੍ਰਸਿੱਧ ਰਾਗੀ ਰਬਾਬੀ ਨਾਮਕ ਆਪ ਦੀ ਪੁਸਤਕ ਵਿੱਚ 1604-2004 ਤੱਕ ਦੇ ਰਾਗੀ ਅਤੇ ਰਬਾਬੀ ਕੀਰਤਨਕਾਰਾਂ ਦਾ ਬਿਓਰਾ ਸ਼ਾਮਲ ਹੋਣ ਦੇ ਨਾਲ-ਨਾਲ ਅੰਤ ਵਿੱਚ ਰਬਾਬੀਆਂ ਦੇ ਘਰਾਣਿਆਂ ਦੇ ਸ਼ਜ਼ਰਿਆਂ ਦਾ ਜੋ ਵਰਣਨ ਕੀਤਾ ਗਿਆ ਹੈ ਉਹ ਲੇਖਕ ਦੀ ਗਹਿਰੀ ਖੋਜ ਦਾ ਸਪਸ਼ਟ ਪ੍ਰਮਾਣ ਹੈ। ਕੰਵਲ ਨੇ ਦੱਸਿਆ ਕਿ 1984 ਵਿੱਚ ਸ੍ਰੀ ਹਰਿਮੰਦਰ ਸਾਹਿਬ ਵਿਖੇ ਹੋਏ ਬਲੂ ਸਟਾਰ ਆਪਰੇਸ਼ਨ ਤੋਂ ਬਾਅਦ ਸਿੱਖ ਵਿਰਾਸਤ ਉਤੇ ਨਵੇਕਲਾ ਕਾਰਜ ਕਰਨ ਵੱਲ ਪ੍ਰੇਰਿਤ ਹੋਏ ਤੇ ਇਹ ਪੁਸਤਕ ਉਸੇ ਲਗਨ ਦਾ ਨਤੀਜਾ ਹੈ।

ਪੰਜਾਬ ਦੇ ਸੰਗੀਤ ਘਰਾਣੇ ਅਤੇ ਭਾਰਤੀ ਸੰਗੀਤ ਪੁਸਤਕ ਵਿੱਚ ਪੰਜਾਬੀ ਮੂਲ ਦੇ ਸ਼ਾਸਤਰੀ ਗਾਇਕਾਂ ਦਾ ਮੱਧ ਕਾਲ ਤੋਂ ਲੈ ਕੇ ਆਧੁਨਿਕ ਕਾਲ ਤੱਕ ਵਰਣਨ ਸ਼ਾਮਲ ਹੈ। ਨਾਮਵਰ ਸੰਗੀਤਕਾਰਾਂ ਦੇ ਨਾਲ-ਨਾਲ ਭੁੱਲੇ ਵਿਸਰੇ ਕਲਾਕਾਰਾਂ ਬਾਰੇ ਸਟੀਕ ਜਾਣਕਾਰੀ ਇਸ ਪੁਸਤਕ ਦਾ ਹਾਸਿਲ ਹੈ। ਕੰਵਲ ਜੀ ਨੇ ਆਪਣੀਆਂ ਸਿਮ੍ਰਤੀਆਂ ਵਿਚੋਂ ਪੰਜਾਬ ਦੇ ਕਈ ਸ਼ਾਸਤਰੀ ਸੰਗੀਤਕਾਰਾਂ ਦੇ ਕਿੱਸੇ ਪੇਸ਼ ਕੀਤੇ। ਕੰਵਲ ਦੀ ਹੁਣੇ ਛਪੀ ਕਿਤਾਬ ਪੰਜਾਬ ਦੀਆਂ ਪ੍ਰਸਿੱਧ ਬਾਈਆਂ ਅਤੇ ਸਾਜ਼ਿੰਦੇ ਵਿੱਚ ਉਹਨਾਂ ਗਾਇਕਾਵਾਂ ਦਾ ਵੇਰਵਾ ਸ਼ਾਮਲ ਹੈ, ਜਿਨ੍ਹਾਂ ਨੇ ਆਪਣੀਆਂ ਸੁਰੀਲੀਆਂ ਆਵਾਜ਼ਾਂ ਵਿਚ ਠੁਮਰੀ, ਦਾਦਰਾ, ਟੱਪਾ, ਗ਼ਜ਼ਲ ਤੇ ਲੋਕ ਗੀਤਾਂ ਨੂੰ ਵੀ ਅਮਰ ਕਰ ਦਿੱਤਾ। ਲੇਖਕ ਨੇ ਦੱਸਿਆ ਕਿ ਕੱਵਾਲੀ ਦੀ ਵੀ ਵੱਡੀ ਪਰੰਪਰਾ ਪੰਜਾਬ ਵਿਚ ਰਹੀ। ਸੰਸਾਰ ਪ੍ਰਸਿੱਧ ਕੱਵਾਲ ਉਸਤਾਦ ਨੁਸਰਤ ਫ਼ਤਿਹ ਅਲੀ ਦੇ ਵੱਡੇ ਵਡੇਰੇ ਜਲੰਧਰ ਵਿਖੇ ਨਿਵਾਸ ਕਰਦੇ ਰਹੇ।

ਬਲਬੀਰ ਸਿੰਘ ਕੰਵਲ ਨੇ ਦੱਸਿਆ ਕਿ ਸ਼ਾਸਤਰੀ ਸੰਗੀਤਕਾਰਾਂ ਉਤੇ ਹੋਏ ਕਾਰਜਾਂ ਵਿਚ ਪੰਜਾਬੀ ਸੰਗੀਤਕਾਰਾਂ ਨੂੰ ਬਹੁਤ ਘੱਟ ਪ੍ਰਤੀਨਿਧਤਾ ਦਿੱਤੀ ਗਈ। ਇਹ ਤੱਥ ਉਹਨਾਂ ਲਈ ਪ੍ਰੇਰਣਾ ਦਾ ਸਬਬ ਬਣਿਆ ਤੇ ਉਹਨਾਂ ਇਸ ਨੂੰ ਆਪਣੇ ਜੀਵਨ ਦਾ ਮਕਸਦ ਬਣਾ ਲਿਆ ਕਿ ਪੰਜਾਬ ਦੇ ਵਿਰਾਸਤੀ ਸੰਗੀਤ ਦੇ ਸਾਧਕਾਂ ਨੂੰ ਖੋਜ ਰਾਹੀਂ ਅਤੇ ਆਪਣੀ ਲੇਖਣੀ ਰਾਹੀਂ ਅੱਗੇ ਲਿਆਉਣਾ ਹੈ। ਪੁਸਤਕਾਂ ਲਿਖਣ ਤੋਂ ਇਲਾਵਾਂ ਕੰਵਲ ਨੇ ਕਈ ਪੁਰਾਣੇ ਤਵੇ, ਸੰਗੀਤਕਾਰਾਂ ਦੀਆਂ ਦੁਰਲਭ ਤਸਵੀਰਾਂ ਤੇ ਹੋਰ ਖੋਜ ਸਮੱਗਰੀ ਇਕੱਤਰ ਕੀਤੀ ਹੋਈ ਹੈ ਤੇ ਹੁਣ ਵੀ ਅਜਿਹੀਆਂ ਚੀਜ਼ਾਂ ਦੀ ਤਲਾਸ਼ ਉਹਨਾਂ ਨੂੰ ਰਹਿੰਦੀ ਹੈ।

ਵਰਤਮਾਨ ਵਿੱਚ ਉਹ ਅੰਗ੍ਰੇਜ਼ੀ ਭਾਸ਼ਾ ਵਿਚ ਮਿਊਜ਼ਿਕ ਆਫ਼ ਦੀ ਪੰਜਾਬ ਨਾਮਕ ਪੁਸਤਕ ਉਤੇ ਕਾਰਜ ਕਰ ਰਹੇ ਹਨ। ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰ ਰਹੇ ਸ. ਭੁਪਿੰਦਰ ਸਿੰਘ ਮਲ੍ਹੀ, ਸਰੀ, ਕੈਨੇਡਾ ਨੇ ਦੱਸਿਆ ਕਿ ਬਲਬੀਰ ਸਿੰਘ ਕੰਵਲ ਵਲੋਂ ਪੰਜਾਬ ਦੇ ਸੰਗੀਤ ਉਤੇ ਜਿੰਨਾ ਕੰਮ ਕੀਤਾ ਗਿਆ ਹੈ ਉਹ ਸੰਸਥਾਵਾਂ ਵੀ ਨਹੀਂ ਕਰ ਸਕੀਆਂ। ਇਹਨਾਂ ਦੇ ਕਾਰਜ ਤੋਂ ਸੇਧ ਲੈ ਕੇ ਅਗਲੇਰੀਆਂ ਪੀੜ੍ਹੀਆਂ ਨੂੰ ਪੰਜਾਬ ਦੇ ਸੰਗੀਤ ਉੱਤੇ ਹੋਰ ਨਿੱਠ ਕੇ ਕੰਮ ਕਰਨ ਦੀ ਸਖ਼ਤ ਲੋੜ ਹੈ। ਵਾਰਤਾਲਾਪ ਦੌਰਾਨ ਯੂ.ਕੇ. ਤੋਂ ਸ. ਗੁਰਬਖ਼ਸ਼ ਸਿੰਘ, ਉੱਘੇ ਸਿਤਾਰ ਵਾਦਕ ਸ. ਧਰਮਬੀਰ ਸਿੰਘ, ਕੀਨ੍ਹੀਆਂ ਨੈਰੋਬੀ ਤੋਂ ਸ. ਗੁਰਮੁੱਖ ਸਿੰਘ, ਪ੍ਰਸਿੱਖ ਕੀਰਤਨਕਾਰ ਡਾ. ਜਾਗੀਰ ਸਿੰਘ, ਡਾ. ਹਰਜਸ ਕੌਰ, ਡਾ. ਅੰਬੁਜ ਮਾਲਾ ਤੇ ਕਈ ਖੋਜਾਰਥੀਆਂ ਨੇ ਵੀ ਸ਼ਮੂਲੀਅਤ ਕੀਤੀ।

**ਇੰਚਾਰਜ**
ਗੁਰਮਤਿ ਸੰਗੀਤ ਚੇਅਰ
ਪੰਜਾਬੀ ਯੂਨੀਵਰਸਿਟੀ, ਪਟਿਆਲਾ

Form IV Statement of Ownership (See Rule 9)

| | |
|---|---|
| Place | : 422, Sector 15-A, Chandigarh |
| Periodicity | : Monthly |
| Editor, Printer & Publisher's Name | : Dr. Jagir Singh |
| Nationality | : Indian |
| Owner of Newspaper | : President, Amrit Kirtan Trust |

I, Dr. Jagir Singh, hereby declare that the particulars given above are true to the best of my knowledge and belief.

Date : 28th February, 2021 Dr. Jagir Singh, Publisher

# ਰਾਗੁ ਸੂਹੀ

ਸੁਰਲਿਪੀ ਸਰਦਾਰ ਹਰਭਜਨ ਸਿੰਘ ਚੋਪੜਾ

**ਥਾਟ :** ਬਿਲਾਵਲ, ਦੋਨੋ 'ਨ' ਦਾ ਪ੍ਰਯੋਗ ॥

**ਜਾਤੀ** : ਸੰਪੂਰਣ॥

**ਸਮਾਂ :** ਦਿਨ ਦਾ ਦੂਸਰਾ ਪਹਿਰ ॥

**ਵਾਦੀ ਸਵਰ** : ਪ ॥ **ਸੰਵਾਦੀ ਸਵਰ** : ਸ ॥

**ਆਰੋਹ :** ਸ ਰ ਗ ਮ ਪ, ਨ ਧ ਨ ਸਂ ॥

**ਅਵਰੋਹ :** ਸਂ ਨੁ ਧ ਪ, ਮ ਗ, ਰ ਗ ਰ, ਸ ॥

**ਮੁੱਖ ਅੰਗ :** ਗ ਮ ਗ ਰ, ਗ ਮ ਨੁ ਧ ਪ, ਪ ਮ ਗ, ਮ ਗ
ਰ ਗ ਰ, ਸ ॥

## ਰਾਗੁ ਸੂਹੀ (ਝੱਪ ਤਾਲ)

| x | | 2 | | | 0 | | 3 | | |
|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 |
| | | | | **ਅਸਥਾਈ** | | | | | |
| **(ਨ਼)ਸ** | **ਸਨ਼** | **ਰਸ** | | **–** | | **ਸ** | **(ਮ)ਗੱ** | **ਗ** | |
| **ਮ** | **–** | **–** | | | | | | | |
| ਭ | ਗ.. | ਤਾ.. | | .. | | ਕੀ | ਟੇ | ਕ | |
| ਤੂ | .. | ਨੂੰ | | | | | . | . | |
| | | | | **ਅੰਤਰਾ** | | | | | |
| **ਸਂ** | **–** | **–** | | | | | | | |
| ਸੰ | .. | ਤਾ | | .. | | ਕੀ | ੳ | ਟ.. | |
| ਤੂੰ | .. | .. | | | | | | | |
| **ਸਂ** | **ਸਂ** | **(ਪ)ਨਂ** | | **ਪ** | | **ਪ** | **ਮ** | **–ਗ** | |
| **ਮਰ** | **–** | **ਸ** | | | | | | | |
| ਸ | ਚਾ | ਸਿਰ | | ਜ | | ਨ | ਹਾ | .... | |
| ਰਾ.. | .. | .. | | | | | | | |

RNI Regd. No. 46788/89 ISSN 0972-2335

## ਸੁਰਲਿਪੀ ਵਾਲਾ ਸ਼ਬਦ ਅਤੇ ਅਰਥ

ਰਾਗੁ ਸੂਹੀ ਮਹਲਾ ੫ ਘਰੁ ੬
raag soohee mehalaa 5 ghar 6
Raag Soohee, Fifth Mehl, Sixth House:
ੴ ਸਤਿਗੁਰ ਪ੍ਰਸਾਦਿ ॥
ik oa(n)kaar sathigur prasaadh ||
One Universal Creator God. By The Grace Of The True Guru:
ਸਤਿਗੁਰ ਪਾਸਿ ਬੇਨੰਤੀਆ ਮਿਲੈ ਨਾਮੁ ਆਧਾਰਾ ॥
sathigur paas baena(n)theeaa milai naam aadhhaaraa ||
I offer this prayer to the True Guru, to bless me with the sustenance of the Naam.
ਤੁਠਾ ਸਚਾ ਪਾਤਿਸਾਹੁ ਤਾਪੁ ਗਇਆ ਸੰਸਾਰਾ ॥੧॥
thut(h)aa sachaa paathisaahu thaap gaeiaa sa(n)saaraa ||1||
When the True King is pleased, the world is rid of its diseases. ||1||
ਭਗਤਾ ਕੀ ਟੇਕ ਤੂੰ ਸੰਤਾ ਕੀ ਓਟ ਤੂੰ ਸਚਾ ਸਿਰਜਨਹਾਰਾ ॥੧॥ ਰਹਾਉ ॥
bhagathaa kee ttaek thoo(n) sa(n)thaa kee outt thoo(n) sachaa sirajanehaaraa ||1|| rehaao ||
You are the Support of Your devotees, and the Shelter of the Saints, O True Creator Lord. ||1||Pause||
ਸਚੁ ਤੇਰੀ ਸਾਮਗਰੀ ਸਚੁ ਤੇਰਾ ਦਰਬਾਰਾ ॥
sach thaeree saamagaree sach thaeraa dharabaaraa ||
True are Your devices, and True is Your Court.
ਸਚੁ ਤੇਰੇ ਖਾਜੀਨਿਆ ਸਚੁ ਤੇਰਾ ਪਾਸਾਰਾ ॥੨॥
sach thaerae khaajeeniaa sach thaeraa paasaaraa ||2||
True are Your treasures, and True is Your expanse. ||2||
ਤੇਰਾ ਰੂਪੁ ਅਗੰਮੁ ਹੈ ਅਨੂਪੁ ਤੇਰਾ ਦਰਸਾਰਾ ॥
thaeraa roop aga(n)m hai anoop thaeraa dharasaaraa ||
Your Form is inaccessible, and Your Vision is incomparably beautiful.
ਹਉ ਕੁਰਬਾਣੀ ਤੇਰਿਆ ਸੇਵਕਾ ਜਿਨ੍ਹ ਹਰਿ ਨਾਮੁ ਪਿਆਰਾ ॥੩॥
ho kurabaanee thaeriaa saevakaa jinh har naam piaaraa ||3||
I am a sacrifice to Your servants; they love Your Name, O Lord. ||3||
ਸਭੇ ਇਛਾ ਪੂਰੀਆ ਜਾ ਪਾਇਆ ਅਗਮ ਅਪਾਰਾ ॥
sabhae eishhaa pooreeaa jaa paaeiaa agam apaaraa ||
All desires are fulfilled, when the Inaccessible and Infinite Lord is obtained.
ਗੁਰੁ ਨਾਨਕੁ ਮਿਲਿਆ ਪਾਰਬ੍ਰਹਮੁ ਤੇਰਿਆ ਚਰਣਾ ਕਉ ਬਲਿਹਾਰਾ ॥੪॥੧॥੪੭॥
gur naanak miliaa paarabreham thaeriaa charanaa ko balihaaraa ||4||1||47||
Guru Nanak has met the Supreme Lord God; I am a sacrifice to Your Feet. ||4||1||47||

ਬਾਣੀ ਗੁਰੂ ਅਰਜਨ ਦੇਵ ਜੀ (**ਰਾਗੁ ਸੂਹੀ**) **(ਅੰਗ 746)**